ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਕ੍ਰਿਤ

ਸੁਖਮਨਾ ਸਾਹਿਬ

ਅਤੇ ਹੋਰ ਬਾਣੀਆਂ

ਭੇਟਾ

ਨਾਮਧਾਰੀ ਸਿੱਖ ਸੰਗਤ ਸਾਊਥਾਲ

ਤਤਕਰਾ

ਸੁਖਮਨਾ ਸਾਹਿਬ	੦੩
ਸ੍ਵੈਯਾ	੧੭
ਵਾਰ ਮਾਲ ਕਉਸ ਕੀ	੧੮
ਲੱਖੀ ਜੰਗਲ ਖਾਲਸਾ	੨੦
ਸ੍ਵੈਯਾ	੨੧
ਭਗਉਤੀ ਅਸਤ੍ਰੋਤ	੨੬
ਸ੍ਵੈਯਾ	੨੬
ਰਾਗ ਆਸਾ	੨੭
ਨਾਮ ਸ਼ਸਤ੍ਰ ਮਾਲਾ ਮੰਤ੍ਰ	੨੮
ਸ੍ਰੀ ਕਾਲ ਚੌਪਈ	੩੦
ਰਾਗੁ ਸੋਰਠਿ	੩੧
ਵਾਰ ਭਗਉਤੀ	੩੨
ਸਿਖੀ ਰਹਿਤ	੩੩
ਭਗਉਤੀ ਬ੍ਰਹਮ ਕਵਚ	੩੪
ਭਗੌਤੀ ਸਤ੍ਰੋਤ	੩੫
ਫਤਿਹ ਨਾਮਾ	੩੬

ਕਿਰਪਾਲ ਸਿੰਘ ਚਾਨਾ

ਅਪਰੈਲ ੨੦੧੦

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥
ਸ੍ਰੀ ਅਕਾਲ ਪੁਰਖ ਜੀ ਸਹਾਇ ॥

ਸੰਸਾਹਰ ਸੁਖਮਨਾ ਸ੍ਰੀ ਮੁਖਬਾਕ ਪਾਤਿਸ਼ਾਹੀ ੧੦ ॥

ਰਾਗੁ ਗਉੜੀ ॥ ਪਉੜੀ ॥
ਪ੍ਰਥਮੇ, ਸ੍ਰੀ ਨਿਰੰਕਾਰ ਕੋ ਪਰਨੰ ॥ ਫੁਨਿ, ਕਿਛੁ ਭਗਤਿ ਰੀਤ ਰਸਿ ਬਰਨੰ ॥
ਦੀਨ ਦਇਆਲੁ ਪੂਰਨ ਤੁਮ ਸੁਆਮੀ ॥ ਭਗਤਿ ਵਛਲ, ਹਰਿ ਅੰਤਰਜਾਮੀ ॥
ਘਟਿ ਘਟਿ ਰਹੈ, ਦੇਖੈ ਨਹੀ ਕੋਈ ॥ ਜਲਿ ਥਲਿ ਰਹੈ, ਸਰਬ ਮੈ ਸੋਈ ॥
ਬਹੁ ਬਿਅੰਤੁ, ਅੰਤ ਨਹੀ ਪਾਵੈ ॥ ਪੜਿ ਪੜਿ ਪੰਡਿਤ, ਰਾਹੁ ਬਤਾਵੈ ॥੧॥
ਸਲੋਕ ॥ ਗਹਿਰ ਗੰਭੀਰ ਗਹੀਰ ਹੈ, ਅਪਰੰ ਅਪਰ ਅਪਾਰਿ ॥
ਜਿਨ ਸਿਮਰਿਆ, ਤਿਨ ਪਾਇਆ, ਗੋਬਿੰਦ ਕ੍ਰਿਸ਼ਨ ਮੁਰਾਰਿ ॥੧॥
ਸੋਰਠਾ ॥ ਬਾਚਹਿ ਬੇਦ ਕਤੇਬ, ਪੰਡਿਤ ਸੇਖ ਬਖਾਨਈ ॥
ਰਾਹੁ ਜੁ ਪਾਵਹਿ ਬੇਗ, ਮਨੂਆ ਹਰਿ ਚਰਣੀ ਧਰਹਿ ॥੨॥
ਪਉੜੀ ॥ ਚਾਰ ਜੁਗ ਮਹਿ,ਯਹਿ ਵਰਤਾਰਾ ॥ਪੜਿ ਪੜਿ ਪੰਡਿਤੁ,ਦੇਹਿ ਬਿਚਾਰਾ ॥
ਸੀਲ ਸਚੁ, ਸਤਿਜੁਗ ਮਹਿ ਬੋਇਆ ॥ ਦਇਆ ਧਰਮ,ਦੁਆਪੁਰ ਮਹਿ ਹੋਇਆ ॥
ਸਤ, ਸੰਤੋਖ, ਸੀਲ, ਸਚ ਜਾਨਾ ॥ ਸਤਿਜੁਗਿ, ਦੁਆਪੁਰ, ਤ੍ਰੇਤੈ, ਮਾਨਾ ॥
ਤੀਨ ਜੁਗਾ ਮਹਿ ਭਗਤਿ ਬਿਲਾਸਾ ॥ਦਇਆ, ਸੀਲ, ਸਚੁ, ਧਰਮੁ, ਨਿਵਾਸਾ ॥੨॥
ਸਲੋਕ ॥ ਸੰਤੋਖੀ, ਸਦਾ ਸੁਖੀ; ਸੂਰਬੀਰ, ਸਤਿਵੰਤ ॥
ਦਇਆ, ਧਰਮ, ਹਰਿ ਭਜਨ ਤੇ; ਬੇਗ ਮਿਲਹਿ ਭਗਵੰਤ ॥੧॥
ਸੋਰਠਾ ॥ ਕ੍ਰਿਸਨ ਮੁਰਾਰੀ ਜਾਨੁ, ਨਿਸਦਿਨੁ ਘਟਿ ਮੈ ਰਚਿ ਰਹਿਓ ॥
ਚਰਣੀ ਰਾਖਹੁ ਧਿਆਨੁ, ਗਹਿਰ ਗੰਭੀਰ ਗਹੀਰ ਹੈ ॥੨॥
ਸਲੋਕ ॥ ਕਲਿਜੁਗ ਰਚਿਓ, ਯਹਿ ਵਰਤਾਰਾ ॥ਧਰਮ ਛਾਡਿ, ਅਧਰਮੁ ਪਿਆਰਾ ॥
ਨਾਮ ਛਾਡ, ਆਨ ਕਉ ਜਾਪਹਿ ॥ ਧਰਮੁ ਤਿਆਗਿ, ਪਾਪ ਮਹਿ ਰਾਚਹਿ ॥
ਸਚ ਕਿੰਚਤਿ, ਝੂਠਿ ਪਰਧਾਨੁ ॥ ਪਾਪ, ਕ੍ਰੋਧੁ, ਲੋਭ ਕਾ, ਗਿਆਨੁ ॥
ਸਚਾ ਡੂਬੈ, ਝੂਠਾ ਤਰੈ ॥ ਨੀਚ ਕੀ, ਸੇਵਾ ਬ੍ਰਹਮਣ ਕਰੈ ॥੩॥

ਸੋਰਠਾ ॥ ਤੀਨ ਜੁਗੁ ਮੁਹਤਾਜ ਸਤ ਸੰਤੋਖ ਸੁਚ ਧਰਮ ਕੇ ॥
ਅਬਿ ਆਇਓ ਕਲਿਜੁਗ ਰਾਜ, ਝੂਠ ਲੋਭੁ ਪ੍ਰਧਾਨ ਹੈ ॥੧॥
ਸੋਰਠਾ ॥ ਦਇਆ ਧਰਮ ਅਰ ਦਾਨ, ਕਲਿਜੁਗ ਮਹਿ ਪਰਧਾਨ ਹੈ
ਕਲਿਜੁਗ ਭੀ ਹੈਰਾਨੁ, ਮੇਰੇ ਪਹਰੇ ਬੀਤਤੇ ॥੨॥
ਪਉੜੀ ॥ ਪਤਨੀ ਰਾਖੈ, ਜੀਅ ਪਰਾਨਾ ॥ ਬੇਟੇ ਭੋਗਹਿ, ਬਾਪ ਹੈਰਾਨਾ ॥
ਭਾਈ ਭਾਵ ਲੋਭ ਕੋ ਜਾਨੈ ॥ ਰਹਿਤ ਸਦਾ, ਜੈਸੇ ਲੋਕ ਬਿਗਾਨੈ ॥
ਕਾਮ ਕ੍ਰੋਧਿ ਲੋਭ, ਹਿਤਕਾਰੀ ॥ ਨਾਰੀ ਛਾਡਿ, ਰਚਿਓ ਪਰ ਨਾਰੀ ॥
ਇਸ ਜੁਗ ਮਹਿ, ਪਾਖੰਡ ਪਰਤਾਪੁ ॥ ਕਾਮ ਕ੍ਰੋਧਿ ਲੋਭੁ ਅਰੁ ਪਾਪੁ ॥੪॥
ਸਲੋਕ ॥ ਸਾਚਾ ਸਾਂਈ, ਸਚ ਮੈ ਬਸੈ, ਸਾਚਾ ਮਨਿ ਕਾ ਬੋਲੁ ॥
ਅੰਤਰਿ ਤੇਰੈ ਰਵਿ ਰਹਿਆ, ਜਿਉ ਕਸਤੂਰੀ ਕੌਲ ॥੧॥
ਸੋਰਠਾ ॥ ਯਹਿ ਤੋ ਕਲਿਜੁਗ ਨਾਹਿ, ਕਲਿਜੁਗ ਕੇ ਪ੍ਰਭਾਵ ਹੈ ॥
ਏ ਗੁਣ ਕਲਿਜੁਗ ਮਾਹਿ, ਹਾਥੋ ਹਾਥ ਨਬੇੜਸੀ ॥੨॥
ਪਉੜੀ ॥ ਸੁਣੋ ਸੰਤਹੁ,ਯਹਿ ਬਚਨ ਹਮਾਰਾ ॥ਤ੍ਰੈ ਜੁਗ ਮਹਿ ਥਾ ਇਹੁ, ਵਰਤਾਰਾ ॥
ਜਿਨ ਸੇਵਕ ਨੇ ਸੇਵਾ ਕੀਨੀ ॥ ਊਚ ਪਦਵੀ, ਤ੍ਰਿਭਵਣ ਦੀਨੀ ॥
ਕਰਿ ਤਪਸਿਆ ਹਰਿ ਨਿਹਚੈ ਦੀਨੀ ॥ ਬ੍ਰਹਮਾ, ਬਿਸਨ, ਮਹਾਦੇਵ ਕੀਨੀ ॥
ਦੁਰਗਾ ਮਾਤਾ ਭਈ ਪ੍ਰਚੰਡਾ ॥ ਚਉਦਹ ਭਵਣ, ਫਿਰੈ ਨਵ ਖੰਡਾ ॥੫॥
ਸਲੋਕ ॥ ਬਿਸਨ ਨਾਮੁ ਹਿਰਦੇ ਧਰਉਂ, ਬ੍ਰਹਮ ਧਰਮ ਅਤਿ ਚੀਨ ॥
ਸਿੰਘ ਬਾਹਨੀ ਮਾਤ ਹੈ, ਮਹਾ ਦੇਵ ਪ੍ਰਬੀਨ ॥੧॥
ਸੋਰਠਾ ॥ ਇਹ ਮਹਾ ਤਪਸੀ ਜਨੁ, ਰਾਖੇ ਊਚੀ ਠੌਰ ਹੈ ॥
ਕੀਨੀ ਜੁਗ ਪਰਵਾਨ, ਚਾਰ ਜੁਗ ਮਹਿ ਜਾਨੀਐ ॥੨॥
ਪਉੜੀ ॥ ਦਸ ਅਵਤਾਰ, ਪ੍ਰਭੁ ਜੀ ਕੀਨੇ ॥ ਭਗਤਾ ਕਾਰਨ, ਗਰਭ ਜੂਨ ਲੀਨੇ ॥
ਬਿਸਨ ਰੂਪ ਧਰ, ਭਗਤ ਉਧਾਰੇ ॥ ਭਗਤਾ ਕਾਰਨ, ਅਸੁਰ ਸੰਘਾਰੇ ॥
ਚਾਰ ਬੇਦ, ਬ੍ਰਹਮੇ ਨੇ ਕੀਨੇ ॥ ਪੰਡਿਤ ਮਹਾਂ ਗਿਆਨ ਕਰ ਚੀਨੇ ॥
ਪੜਿ ਪੜਿ ਪੰਡਿਤ, ਰਾਹੁ ਬਤਾਵੈ ॥ ਸਠ ਸਾਖਤਿ, ਕਿਛੁ ਗਿਆਨ ਨ ਪਾਵੈ ॥੬॥
ਸਲੋਕ ॥ ਬੇਦ ਬਚਨ ਮਨ ਮਹਿ ਧਰੋ, ਬ੍ਰਹਮ ਵਾਕ ਪਰਵਾਨ ॥
ਜਿਨ ਜਨ ਹਰਿ ਜਾਨਿਆ ਨਹੀ, ਸੋ ਮਹਾਂ ਅਗਿਆਨੀ ਜਾਨ ॥
ਸੋਰਠਾ ॥ ਮੂੜ੍ਹ ਨ ਜਾਨੈ ਕੋਇ, ਬੇਦ ਬਚਨ ਪਰਵਾਨ ਹੈ ॥

ਜਿਨ ਜਨ ਜਾਨਿਆ ਸੋਇ, ਗੋਬਿੰਦ ਕੇ ਹੀਯੇ ਬਸੈ ॥੨॥
ਪਉੜੀ ॥ ਮਹਾਂਦੇਵ, ਦੇਵਨ ਕੇ ਦੇਵਨ ॥ ਨਿਸ ਦਿਨ ਜਨ ਕਰਤੇ, ਵਾਕੀ ਸੇਵਨ ॥
ਜਿਨ ਸੇਵਿਆ, ਤਿਨ ਹੀ ਵਰ ਪਾਇਆ ॥ ਪਾਰਬ੍ਰਹਮੁ ਪ੍ਰਭੁ ਨਿਹਚੈ ਆਇਆ ॥
ਚੰਡੀ ਮਾਤਾ, ਤੂੰ ਚਰਪਟ ਨਾਰੀ ॥ ਤੀਨ ਲੋਕ, ਜਿਨ ਪ੍ਰਿਥਮੀ ਤਾਰੀ ॥
ਸੁਆਮੀ ਸੰਤ ਧਿਆਵਹਿ, ਧੁਨਿ ਧਰੈ ॥ ਚਾਰ ਜੁਗ ਮੈ, ਜੈ ਜੈ ਕਰੈ ॥੭॥
ਸਲੋਕ ॥ ਦੇਵੀ ਦੇਵਨ ਪੂਜਤੇ, ਅਉਤਾਰਨ ਲੀਨੇ ਸਾਥ ॥
ਜੋਗ ਮਾਇਆ ਜਗ ਤਾਰਨੀ ਕੀਨੀ, ਦੀਨਾ ਨਾਥ ॥੧॥
ਸੋਰਠਾ ॥ ਸਿੰਘ ਬਾਹਨੀ ਮਾਤ, ਚਾਰ ਜੁਗ ਮੈ ਸਿਮਰਤੇ ॥
ਜਨ ਦੇਵਨ ਪੂਜਤ ਯਾਂਹਿ, ਏਹ ਮਾਇਆ ਜਗੁ ਤਾਰਨੀ ॥੨॥
ਪਉੜੀ ॥ ਪਾਰਬ੍ਰਹਮ ਬੇਅੰਤ ਅਕਾਲ ॥ ਭਗਤਿ ਸੁਦਾਮਾ ਕੀਓ ਨਿਹਾਲੁ ॥
ਜਿਨ ਦੀਪਨ ਕੈ ਗ੍ਰਿਹਿ ਭੋਜਨੁ ਲੀਆ ॥ ਦੀਨ ਦਇਆਲ, ਕ੍ਰਿਪਾਨਿਧ ਕੀਆ ॥
ਕਬੀਰ ਭਗਤਿ, ਭਇਆ ਅਧਿਕਾਈ ॥ ਨਾਮਦੇਵ ਕੀ, ਹਰਿ ਛਾਨ ਛਵਾਈ ॥
ਸੰਸਾ ਮੇਟ, ਭਇਓ ਹਰਿ ਨਾਈ ॥ ਸੈਨ ਭਗਤਿ ਕੀ, ਪੈਜ ਰਖਾਈ ॥
ਰਵਿਦਾਸ ਦਾਸ, ਜਨ ਕੇਤੇ ਗਨਾ ॥ ਪਾਰ ਨ ਪਾਵੈ, ਹਰਿ ਸਿਮਰਨ ਬਿਨਾ ॥
ਚਾਰ ਜੁਗ, ਨਿਹਚੈ ਨਿਧ ਪਾਇਆ ॥ ਨਾਨਕ, ਜਨੁ; ਹਰਿ ਚਰਨੀ ਲਾਇਆ ॥੮॥
ਸਲੋਕ ॥ ਦੀਨ ਦਿਆਲ ਕ੍ਰਿਪਾ ਕਰਹੁ, ਸਭ ਭਗਤਨ ਹੋਇ ਅਨੰਦ ॥
ਕਾਰਜ ਸਭਿ ਪੂਰੇ ਪਵਹਿ, ਪਲਿ ਪਲਿ ਭਜਹਿ ਗੋਬਿੰਦ ॥੧॥
ਸੋਰਠਾ ॥ ਜੁਗਤ ਜਗਤ ਕੀ ਦੇਖੁ, ਕਾਮ ਕ੍ਰੋਧ ਅਤਿ ਲੋਭ ਮੈ ॥
ਟਰੈ ਨ ਕਰਮ ਕੀ ਰੇਖ, ਆਨ ਧਿਆਨ ਭੂਲੇ ਫਿਰਹਿ ॥੨॥
ਪਉੜੀ ॥ ਮੈ ਅਧੀਨ ਦਾਸਨ ਕੋ ਦਾਸਾ ॥ ਮੈ ਜਨ ਗੋਬਿੰਦ ਕੀ, ਰਾਖਉ ਆਸਾ ॥
ਭੂਲੇ ਲੋਕ ਮੁਝ ਪ੍ਰਭ ਜੀ ਕਹੈਂ ॥ ਮਹਾਂ ਅਪਰਾਧੀ, ਪਾਪ ਮੈ ਰਹੈਂ ॥
ਭੂਲੇ ਲੋਕ, ਮੁਝ ਕਹੈਂ ਅੰਤਰਿਜਾਮੀ ॥ ਵਾਕੋ ਨਰਕ ਨ ਹੋਇਗਾ ਥਾਮੀ ॥
ਇਤੁ ਉਤ ਵਾਕੋ, ਧੁਨ ਨਹੀਂ ਧਿਆਨ ॥ ਜੇ ਕੋਊ ਕਹੈ, ਮੁਝੈ ਜਾਨੀ ਜਾਨ ॥੯॥
ਸਲੋਕ ॥ ਜਾਨੀ ਜਾਨ ਕਹਿਤੇ ਫਿਰਹਿ, ਸਮਝਤ ਨਾਹਿ ਮਨ ਮਾਹਿ ॥
ਅੰਤ ਕਾਲ ਵੈ ਨਰਕ ਮੈ, ਨਿਸਦਿਨ ਬੇਮੁਖ ਪਾਹਿ ॥੧॥
ਸੋਰਠਾ ॥ ਮਹਾ ਅਪਰਾਧੀ ਲੋਕ, ਕਰਨਹਾਰ ਅਉਰੇ ਕਹਹਿ ॥
ਵਹੁ ਕਰਨ ਕਰਾਵਨ ਜੋਗ, ਏ ਲੋਗ ਜੋਗੁ ਸਭਿ ਨਰਕ ਕੇ ॥੨॥

ਪਉੜੀ ॥ ਸੁਣ ਲੋਕੋ, ਤੁਮ ਧਰੋ ਧਿਆਨ ॥ ਗੁਰ ਅਪਨੇ ਕਉ, ਹਰਿ ਜਨ ਜਾਨ ॥
ਅਹਿ ਕਲਿਜੁਗ ਯਹਿ ਕਾਲ ਪਰਧਾਨੁ ॥ ਪਾਖੰਡੀ ਰਾਜ, ਭਜਨੀ ਭੋਮਾਨੁ ॥
ਨੀਚ ਸੇ ਊਚ, ਊਚਾ ਨਹੀਂ ਕੋਈ ॥ ਕਾਮ ਕ੍ਰੋਧ ਲੋਭ ਅਤਿ ਲੋਈ ॥
ਸਭ ਸੰਤੋ, ਪ੍ਰਭ ਏਕੋ ਜਾਨੋ ॥ ਅਉਰ ਨ ਕੋਈ, ਦੂਜਾ ਮਾਨੋ ॥੧੦॥
ਸਲੋਕ ॥ ਭੂਲੇ ਕਾਹੇ ਤੁਮ ਫਿਰਹੁ, ਬੇਮੁਖ ਕਾਹੇ ਹੋਗ ॥
ਮੈਂ ਦਾਸਨ ਕੋ ਦਾਸ ਹੋਂ, ਤੁਮ ਭੂਲੇ ਕਾਹੇ ਲੋਗ ॥੧॥
ਸੋਰਠਾ ॥ ਜੋ ਤੁਮ ਸਮਝਹੁ ਅਉਰ, ਬ੍ਰਹਮ ਹੱਤਯਾ ਤੁਮ ਕੋ ਪੜੈ ॥
ਕਹੀਂ ਨਾ ਪਾਵਹੁ ਠੌਰ, ਦਰਸਨ ਤੇ ਬੇਮੁਖ ਭਏ ॥੨॥
ਪਉੜੀ ॥ ਇਕ ਸੰਤਨ,ਪਾਖੰਡ ਅਤਿ ਕੀਨਾ ॥ਧਰਮ ਆਪਨਾ, ਅਉਰ ਕੋ ਦੀਨਾ ॥
ਨਾਮ ਛਾਡਿ, ਆਨ ਕਉ ਮਿਲਿਆ ॥ ਜਨਮ ਖੋਇ, ਕੁਟੰਬ ਸੰਗਿ ਗਲਿਆ ॥
ਗੁਰ ਰਾਖੈ, ਪਾਖੰਡੀ ਭਾਉ ॥ ਲੋਕ ਪੁਜਾਵੈ, ਦੂਨਾ ਚਾਉ ॥
ਸੁਖ ਸਨਿਆਸੀ, ਮੁੰਡੀਆ ਪੂਜਾ ॥ ਕੋਊ ਬੂਝੈ, ਕੋਊ ਨ ਬੂਝਾ ॥੧੧॥
ਸਲੋਕ ॥ ਛੈ ਦਰਸਨਿ, ਛਤੀਸ ਪਾਖੰਡ ਹੈ, ਅਪਨੀ ਅਪਨੀ ਠੌਰ ॥
ਰਾਮ ਨਾਮੁ ਮਨਿ ਜਪਤ ਹੈ, ਜਪਨੇ ਮੈ ਭੀ ਅਉਰ ॥
ਸੋਰਠਾ ॥ ਜਿਨ ਸੰਗ ਮਿਲੈ ਗੁਪਾਲ, ਸਤਿਗੁਰ ਸੋਈ ਜਾਨੀਐ ॥
ਸਦਾ ਰਹੈ ਕ੍ਰਿਪਾਲ, ਨਿਸ ਦਿਨ ਮਨ ਡੋਲੈ ਨਹੀ ॥੨॥
ਪਉੜੀ ॥ ਇਸ ਕਲ ਕਾ ਸੁਨੋ ਪਰਵੇਸ ॥ ਬ੍ਰਹਮਨ ਛਤ੍ਰੀ ਸੂਦ੍ਰ ਬੈਸ ॥
ਬ੍ਰਹਮਨ ਛਤ੍ਰੀ ਕੀ ਕਹੀ ਨਾ ਜਾਇ ॥ ਬੈਸ ਸੂਦ੍ਰ ਮੈ ਬਿਸਨ ਭਗਤਾਇ ॥
ਬ੍ਰਹਮਣ ਛਤ੍ਰੀ ਊਚ ਤੇ ਊਚਾ ॥ ਭ੍ਰਿਸ਼ਟ ਰੂਪ, ਰਹਿਤ ਬੇਸੂਚਾ ॥੧੨॥
ਸਲੋਕ ॥ ਬ੍ਰਹਮਣ, ਛਤ੍ਰੀ, ਧਰਮ ਕੀ ਹਾਨ ॥ ਸੁਚਿਆ ਤਜ, ਅਸੁਚ ਪ੍ਰਧਾਨ ॥
ਮਾਨਸ ਜਨਮ ਤੁਮਕੋ ਦੀਆ, ਨਾਮੁ ਦਾਨੁ ਕਰਹੁ ਨੀਤ ॥
ਧਰਮ ਛੋਡਿ ਆਨੈ ਜਪਹੁ, ਇਹੁ ਸਰੀਰ ਅਨੀਤ ॥੧॥
ਸੋਰਠਾ ॥ ਧਰਮ ਅਪਨੈ ਕਉ ਛਾਡ ਕੈ, ਪੂਜੈ ਜਾਤ ਮਲੇਛ ਕੀ ॥
ਜੇਤੇ ਹੋਹਿ ਧਨਾਢ, ਸੁਚਿ ਕਿਰਿਆ ਦੂਨੀ ਤਜਹਿ ॥੨॥
ਪਉੜੀ ॥ਇਸ ਕਲਿ ਮੈ,ਬ੍ਰਹਮਨ ਗੁਰੂ ਕਹਾਵੈ ॥ਕਰਹਿ ਪਾਖੰਡ,ਬ੍ਰਹਮੰਡ ਦਿਖਾਵੈ ॥
ਸਿਖ ਸੰਤ ਕਉ ਦੇ ਉਪਦੇਸੁ, ਛਾਡੋ ਚਉਕਾ, ਹੋਹੁ ਮਲੇਛ ॥
ਅੰਦਰਿ ਗਇਆ, ਬਾਹਰਿ ਭੀ ਜਾਵਾ ॥ ਸੁਚ ਅਸੁਚ ਕਾ ਏਕੋ ਭਾਵਾ ॥

ਦਇਆ ਧਰਮ, ਤੁਮ ਛਾਡੋ ਨਾਹੀ ॥ ਸੰਤ ਮਿਲੈ, ਜਪਹੁ ਮਨ ਮਾਹੀ ॥੧੩॥
ਸਲੋਕ ॥ ਕਰਤਾ ਪੁਰਖ ਹੀਐ ਧਰੋ, ਅਰ ਹੀਅਰਾ ਰਾਖੋ ਸੁਧ ॥
ਮਨ ਮੈ, ਹਰਿ ਹਰਿ, ਹਰਿ ਭਜਹੁ, ਹਰਿ ਗੋਬਿੰਦ ਕਉ ਲੂਝ ॥੧॥
ਸੋਰਠਾ ॥ ਤੁਮ ਕਾਹੇ ਭੂਲੇ ਮੂੜ੍ਹਿ, ਸੁਚਿ ਕਿਰਿਆ, ਹਰਿ ਭਜਨ ਤੇ ॥
ਤੁਮ ਮਤਿ ਜਾਨੋ ਕੂੜ, ਏਹ ਸਤਿਗੁਰ ਕੇ ਪ੍ਰਭਾਵ ਹੈ ॥੨॥
ਪਉੜੀ ॥ ਕਲਿ ਕੇ ਲੋਗ, ਹੋਤਿ ਅਕਰਮੀ ॥ ਛਤ੍ਰੀ ਬ੍ਰਹਮਨ, ਹੋਤ ਅਧਰਮੀ ॥
ਤੀਨ ਜੁਗਾ ਮਹਿ, ਸੁਚ ਪ੍ਰਧਾਨ ॥ ਅਬ ਸੁਚਿ ਕਰਿਆ ਕੀ, ਹੋਤੀ ਹਾਨੁ ॥
ਜਿਨਿ ਗੁਰ, ਤੁਮ ਕੋ ਮੰਤ੍ਰ ਦੀਨਾ ॥ ਵਹੁ ਮਹਾ ਅਪਰਾਧੀ, ਪ੍ਰਭ ਜੀ ਕੀਨਾ ॥
ਗੁਰ ਗਿਆਨ ਦਾਨ ਇਸਨਾਨ, ਸਭ ਤੇ ਊਚਾ ਪ੍ਰਭ ਕਾ ਨਾਮ ॥੧੪॥
ਸਲੋਕੁ ॥ ਮੈ ਮਨੁਖ ਦੇਹਿ, ਕਾਮੀ, ਕੁਟਲਿ; ਅਪਰਾਧੀ, ਮਤ ਹੀਨ ॥
ਮਹਾ ਨਰਕ ਮੈ ਪਰਤਿ ਹੈ, ਲੋਕੁ ਕਹੈ ਮੁਝਿ ਦੀਨ ॥੧॥
ਸੋਰਠਾ ॥ ਮਹਾ ਅਪਰਾਧੀ ਪਤਿਤ, ਦਾਸਨ ਕਉ ਦਾਸ ਕਹੈ ॥
ਵਾਕੇ ਜਨਮ ਨਾ ਜਾਤ, ਭਰਮ ਭਰਮ ਭੂਲੇ ਫਿਰਹਿ ॥੨॥
ਪਉੜੀ ॥ ਸੁਚ, ਅਸੁਚ ਕਉ, ਏਕੋ ਜਾਨੈ ॥ ਏਕੋ ਏਕੀ, ਏਕੋ ਹੀ ਮਾਨੈ ॥
ਭੈਨ ਭਾਈ, ਮਾਈ ਅਰ ਬਾਪ ॥ ਏਕੋ ਜਾਨੈ ਤ੍ਰਿਭਵਨ ਨਾਥੁ ॥
ਗਰੀ ਛੁਹਾਰਾ ਜੈਸਾ ਨਾਜ ॥ ਜੈਸਾ ਸੰਦਲ, ਤੈਸਾ ਪਿਆਜ ॥
ਸਰਬ ਮਈ ਕਾ ਏਕੋ ਖੇਲੁ ॥ ਕਰਣਿ ਹਾਰਿ ਸੋ ਰਾਖਹੁ ਮੇਲੁ ॥੧੫॥
ਸਲੋਕੁ ॥ ਸੁਚਿ ਕਿਰਿਆ, ਅਤਿ ਮਲੀਨ ਦੋਨੋ ਏਕੋ ਜਾਨ ॥
ਸਰਬ ਮਈ ਮੈ ਰਚਿ ਰਹਿਓ ਹਰਿ ਕੇ ਘਟਿ ਪਰਵਾਨ ॥
ਸੋਰਠਾ ॥ ਜਿਨਿ ਜਿਨਿ ਜਾਨਿਆ ਏਕ, ਸੁਚਿ ਕਿਰਿਆ ਵਾਂਕੇ ਮਨਿ ਬਸੈ ॥
ਕਛੂ ਨਾ ਵਾਂਕੇ ਵੇਕ, ਮਨ ਮੈ ਦੁਬਿਧਾ ਨਾ ਰਹੈ ॥੨॥
ਪਉੜੀ ॥ ਵਾਹਗੁਰੂ, ਜਪਤੇ ਸਭਿ ਕੋਈ ॥ ਯਾਂਕਾ ਅਰਥ, ਸਮਝੈ ਜਨ ਸੋਈ ॥
ਵਵਾ ਵਾਂਹੀ ਅਪਰ ਅਪਾਰਾ ॥ ਹਾਹਾ ਹਿਰਦੈ, ਹਰਿ ਹਰਿ ਵੀਚਾਰਾ ॥
ਗਗਾ, ਗੋਬਿੰਦ ਸਿਮਰਨ, ਅਤਿ ਕੀਨਾ ॥ ਰਾਰਾ, ਰਾਮ ਨਾਮ ਮਨਿ ਚੀਨਾ ॥
ਇਨ ਅਛਰਨ ਕਾ ਸਮਝਨ ਹਾਰ ॥ ਰਾਖੈ ਦੁਬਿਧਾ, ਹੋਇ ਖੁਆਰੁ ॥੧੬॥
ਸਲੋਕੁ ॥ ਚਾਰ ਅਖਰ ਤਿਸ ਕਉ ਭਲੇ, ਮਨ ਕੋ ਧਰੈ ਉਠਾਇ ॥
ਰਾਮ ਨਾਮ ਕੇ ਨਾਮ ਪਰ, ਸਦਾ ਰਹੇ ਲਪਟਾਇ ॥੧॥

ਸੋਰਠਾ ॥ ਚਾਰ ਅਛਰ ਪਰਧਾਨ, ਬਿਰਲੇ ਹਰਿ ਜਨ ਚੀਨਈ ॥
ਇਕ ਰਾਤੇ ਜਨ ਪਰਵਾਨ, ਇਕਨਾ ਪੜਨ ਸੁਭਾਵ ਹੈ ॥੨॥
ਪਉੜੀ ॥ ਵਾਹਗੁਰੂ ਜਪਤੇ ਹਰਿ ਲੋਗੁ ॥ ਵਾਕੋ ਹਰਖ, ਨ ਕਾਹੂ ਸੋਗ ॥
ਇਕ ਬਾਹਿਰ ਭਜੈ, ਅੰਦਰਿ ਮਨਿ ਧ੍ਰੋਹ ॥ ਝੁਕ ਝੁਕ ਨਿਵਹਿ, ਕਹਾਵੈ ਨਿਰਮੋਹ ॥
ਜਿਹਬਾ ਰਟਹਿ, ਲੈਹਿ ਹਰਿ ਨਾਮ ॥ ਅੰਦਰਹੁ ਖੋਟੇ, ਧੁਨ ਨਹੀ ਧਾਮ ॥
ਫਿਰਕੈ ਜੋਰੁ, ਲੋਕ ਭਰਮਾਵੈ ॥ ਭਰਮ ਭਰਮ ਪਵੈ, ਜਨਮ ਗਵਾਵੈ ॥੧੭॥
ਸਲੋਕੁ ॥ ਜਿਹਬਾ ਰਟਹਿ, ਅੰਦਰੋ ਫਟਹਿ, ਅਰ ਮਨ ਮੈ ਰਾਖੈ ਧ੍ਰੋਹ ॥
ਵਾਹਗੁਰੂ ਵਹਿ ਜਪਤ ਹੈ, ਪਾਰ ਨ ਪਾਵੈ ਕੋਇ ॥੧॥
ਸੋਰਠਾ ॥ ਅਛਰ ਹੈ ਇਹ ਚਾਰ, ਬਾਰ ਬਾਰ ਕਹਤੇ ਫਿਰਹਿ ॥
ਕਬਹੂ ਨ ਪਾਵੈ ਪਾਰਿ, ਜਾਕੈ ਮਨ ਮੈ ਦੁਬਿਧਾ ਰਹੈ ॥੨॥
ਪਉੜੀ ॥ ਜਾਂਕੈ ਮਨ ਮਹਿ ਦੁਬਿਧਾ ਰਹੈ ॥ ਚਾਰ ਅਛਰ ਵਾਂਕੋ ਯਹਿ ਕਹੈ ॥
ਵਵਾ, ਵੈਰ, ਧਨ, ਰਾਖੈ ਠਾਇ ॥ ਹਾਹਾ ਹਉਮੈ ਹਰਖ ਮੈ ਪਾਇ ॥
ਗਗਾ ਗੁਨ, ਅਵਗੁਨ ਸਭ ਖੋਵੈ ॥ ਰਾਰਾ, ਰਾਮ ਨਾਮ, ਆਵਨ ਨਹੀ ਦੇਵੈ ॥
ਚਾਰ ਅਛਰ ਦੁਬਿਧਾ ਮੈ ਪੜੈ ॥ ਵਾਂਕੀ ਪੂਰੀ ਕਬਹੂੰ ਨ ਪੜੈ ॥੧੮॥
ਸਲੋਕ ॥ ਪੂਰੀ ਤਬਹੀ ਪਰਤ ਹੈ, ਮਨ ਮੈ ਸਚੁ ਨਿਵਾਸੁ ॥
ਇਕਨਾ ਕਪਟਿ ਸੁਭਾਵ ਹੈ, ਇਕ ਕਪਟਿ ਕੀ ਬਾਧੇ ਰਾਸ ॥੧॥
ਸੋਰਠਾ ॥ ਬਿਸਵਾਰ ਘਾਤੀ, ਮਿਤ੍ਰ ਧ੍ਰੋਹ, ਅਕਿਰਤ ਘਣਾ, ਨਿੰਦਕ ਘਨੇ ॥
ਲਾਲਚ ਡੂਬੇ ਮੋਹ, ਇਤ ਉਤ ਵਾਂਕੋ ਕਛ ਨਹੀ ॥੨॥
ਪਉੜੀ ॥ ਵਾਹਗੁਰੂ ਕੇ, ਅਛਰ ਚਾਰਿ ॥ ਸਤਿ ਸੰਗਤਿ ਮਿਲ, ਧਰੇ ਪਿਆਰ ॥
ਸਾਚੇ ਮਨ, ਅਛਰ ਜੋ ਪੜੈ ॥ ਵਾਕੋ ਕਬਹੂ ਨ, ਸੰਸਾ ਪੜੈ ॥
ਸੰਸਾ ਪੜੈ, ਰਾਖੈ ਮਨ ਧ੍ਰੋਹ ॥ ਵਾਂਕੀ ਪੂਰੀ ਕਬਹੂ ਨ ਹੋਇ ॥
ਅਪਨੀ ਖਾਇ, ਬਿਗਾਨੀ ਚਿਤ ਧਰੈ ॥ ਅਪਨੇ ਹਾਥ, ਆਪਹੀ ਮਰੈ ॥੧੯॥
ਸਲੋਕੁ ॥ ਵਾਹਗੁਰੂ ਜਿਹਬਾ ਰਟਹਿ, ਮਨ ਮੇ ਰਾਖਹਿ ਅਉਰ ॥
ਸੁਖ ਭਾਗੈ, ਦੁਖ ਮੈ ਪਰੈ, ਕਬਹੂ ਨ ਪਾਵੈ ਠਉਰਿ ॥੧॥
ਸੋਰਠਾ ॥ ਵਾਹਗੁਰੂ ਸਿਉ ਖੇਲ, ਮਨਕੀ ਦੁਬਿਧਾ ਦੂਰਿ ਕਰਿ ॥
ਸਦਾ ਰਹੁ ਹਰਿ ਮੇਲੁ, ਹਰਿ ਚਰਣੀ ਚਿਤ ਲਾਗ ਰਹੈ ॥੨॥
ਪਉੜੀ॥ਜੋ ਜੋ ਕਥਿਆ,ਰਾਖਹੁ ਪਰਸਿਧ ॥ਨਿਰਾਟ ਬਾਣੀ ਕੀ, ਸੁਣਹੁ ਨਵਨਿਧਿ ॥

ਵਾਹੁ ਨਿਰੰਕਾਰ, ਨਿਰਵੈਰੁ ਨਿਰਾਲਾ ॥ ਕਾਨਨ ਕੁੰਡਲ, ਨੈਨ ਬਿਸਾਲਾ ॥
ਦਿਸਟਿ ਨ ਆਵੈ, ਦੂਰ ਤੇ ਦੂਰਿ ॥ ਸਮਝ ਦੇਖ ਤੂੰ, ਰਹਤ ਹਜੂਰਿ ॥
ਪਰਿਤੇ ਪਰੈ, ਪਰੈ ਪਰੇਰੈ ॥ ਹੈ ਹਜੂਰਿ, ਦੂਰਿ ਨਹੀ ਨੇਰੈ ॥੨੦॥
ਦੋਹਰਾ ॥ ਅੰਤ ਨ ਕਿਨਹੀ ਪਾਇਆ, ਲਖ ਚਉਰਾਸੀ ਜੂਨਿ ॥
ਜਿਨ ਲਾਇਆ ਤਿਨ ਪਾਇਆ, ਹਰਿ ਚਰਨੀ ਮਨ ਪੂਰ ॥੧॥
ਸੋਰਠਾ ॥ ਕੁਦਰਤ ਤੇ ਬਲਿ ਜਾਉ, ਦੂਰਿ ਤੇ ਦੂਰਿ ਹਜੂਰਿ ਹੈ ॥
ਸਚੁ ਰਾਖਹੁ ਮਨੁ ਮਾਹਿ, ਹਰਿ ਜਨੁ ਹਿਰਖ ਨ ਰਾਖਈ ॥੨॥
ਪਉੜੀ ॥ ਮੁੰਡੀਆ, ਮੁੰਡਿਤ ਹੋਇਕੈ ਰਹਿਆ ॥
ਨਿਸ ਦਿਨ, ਰਾਮ ਨਾਮ ਚਿਤਿ ਗਹਿਆ ॥
ਛੁਦ੍ਰ ਅਸੰਤ, ਗੁਰ ਲੋਪ ਅਤਿ ਕਰੈ ॥ ਸਭੁ ਅਕਾਰਥ, ਸਿਮਰਣ ਪਰ ਹਰੈ ॥
ਸੰਨਿਆਸੀ, ਸਿਵ ਸਿਵ, ਹਰਿ ਹਰਿ ਜਪੈ ॥ ਦੇਹੀ ਸਾੜਿ, ਨਗਨ ਹੋਇ ਪਜੈ ॥
ਛੋਡਿ ਮਾਇਆ,ਸੰਨਿਆਸੀ ਹੋਇਆ॥ਮਾਇਆ ਮਮਤਾ,ਗ੍ਰਹਸਤ ਤੇ ਖੋਇਆ ॥੨੧॥
ਦੋਹਰਾ ॥ ਮੁੰਡੀਆ ਮੁੰਡਤ ਹੋਇਆ, ਬਾਰ ਹਟੀ ਕੇ ਲਾਇ ॥
ਮਨਕੀ ਦੁਬਿਧਾ ਨ ਮਿਟੈ, ਸਭੋ ਅਕਾਰਥ ਜਾਇ ॥੧॥
ਸੋਰਠਾ ॥ ਜਟਾ ਧਾਰੀ ਸੰਨਿਆਸੀ, ਆਸ ਜੋ ਰਾਖੈ ਏਕ ਕੀ,
ਸਿਰਜਨ ਹਰਿ ਕੈ ਪਾਸਿ, ਪਾਖੰਡੀ ਪਰਮ ਦੁਖ ਪਾਵਹੀ ॥੨॥
ਪਉੜੀ॥ਇਕ ਜੋਗੀ,ਜੁਗਤ ਜੋਗ ਕੀ ਰਾਖਹਿ ॥ਮਧਮ ਆਸਨ ਨਿਸਦਿਨ ਵੈ ਭਾਖਹਿ ॥
ਰਿਧ ਕੀ ਮੂਰਤਿ, ਰਿਧ ਫੈਲਾਵਹਿ ॥ ਹਰਿ ਕਾ ਨਾਮੁ, ਨ ਕਬਹੂ ਪਾਵੈ ॥
ਏਕ ਪੂਜ ਪੰਥ, ਹਰਿ ਹਰਿ ਮੈ ਰਹੈ ॥ ਅਪਨੇ ਕੇਸ ਆਪ ਹੀ ਗਹੈ ॥
ਕੇਸ ਗਹੇ, ਹਰਿ ਹਾਥਿ ਨ ਆਵੈ ॥ ਹਰਿ ਸਿਮਰਨ ਬਿਨ, ਮੁਕਤਿ ਨ ਪਾਵੈ ॥੨੨॥
ਦੋਹਰਾ ॥ ਜੋਗੀ ਜੁਗਤਿ ਨ ਜਾਨੀਆ, ਕਿਸ ਬਿਧਿ ਮਿਲੈ ਗੁਪਾਲੁ ॥
ਮਨ ਕੀ ਦੁਬਿਧਾ ਦੂਰਿ ਕਰਿ, ਬੇਗ ਹੋਇ ਹਰਿ ਦਇਆਲੁ ॥੧॥
ਸੋਰਠਾ ॥ ਸੀਲ ਛੋਡਿ ਕਰਿ, ਤਾਤਾ ਖਾਹਿ, ਬਾਲ ਉਖਾੜਹਿ ਹਾਥਿ ਕਰਿ ॥
ਹਰਿ ਜਨ ਓਇ ਨ ਮਿਲਹਿ, ਉਨ ਕਾ ਮਿਲਨਾ ਦੂਰਿ ਹੈ ॥੨॥
ਪਉੜੀ॥ਇਕਨਾ ਸਿਖ ਭਇਆ ਬਿਉਹਾਰ ॥ਬਾਣੀ ਗਾਵਹਿ, ਮਿਲਿ ਅਖਰ ਚਾਰੁ ॥
ਸਿਖ ਸੰਤ ਸਭ ਇਕਠੇ ਹੋਹੀ ॥ ਪੜਿ ਬਾਣੀ, ਝੁਕਿ ਪੈਰੀ ਪਵਹੀ ॥
ਇਕ ਸਾਚੇ ਸਿਖ, ਸਚੁ ਮੈ ਰਹੈ ॥ ਪਲੁ ਪਲੁ, ਰਾਮ ਨਾਮ ਵੇ ਕਹੈ ॥

ਇਕ ਮਾਰਿ ਹਾਕ ਊਚੇ ਪੜ੍ਹਹੀ ॥ ਅੰਦਰਿ ਕਪਟੁ, ਸਾਚ ਮੁਖਿ ਕੜ੍ਹਿਹੀ ॥੨੩॥
ਦੋਹਰਾ ॥ ਊਚਾ ਪੜਨਾ ਕਿਛ ਨਹੀ, ਘਟਿ ਅੰਤਰਿ ਪੜੁ ਨਾਮੁ ॥
ਜਿਉ ਮਛਲੀ ਜਲ ਪੀਵਤੀ, ਹਰਿ ਹਰਿ ਭਜ ਮਨੁ ਰਾਮ ॥੧॥
ਸੋਰਠਾ ॥ ਮਨ ਹੀ ਅੰਦਰਿ ਪਾਪੁ, ਸਾਚੁ ਭੀ ਮਨ ਮੈ ਰਹੈ ॥
ਐਸਾ ਜਪੁ ਤੂੰ ਜਾਪੁ, ਮਨ ਮੈ ਸੰਸਾ ਨ ਰਹੈ ॥੨॥
ਪਉੜੀ ॥ ਹਰਿ ਜੀ, ਹਰਿ ਜਨ ਕੈ ਮਨਿ ਆਵੈ ॥
ਦਇਆ ਕਰਤ, ਕਿਛ ਬਾਰ ਨ ਲਾਵੈ ॥
ਜੋ ਜੋ ਕਰਨੀ, ਕਰਤੈ ਕਰੀ ॥ ਆਪਨੈ ਹਾਥ ਲਿਖਿ, ਮਸਤਕਿ ਧਰੀ ॥
ਭਾਵਨੀ ਪਾਂਡਵ, ਹਿੰਵਚਲ ਗਲੇ ॥ ਹਰਿ ਚੰਦ, ਨੀਚ ਜਾਤਿ ਜਲ ਭਰੇ ॥
ਰਾਵਣ, ਇਸਤ੍ਰੀ ਜਾਕੀ ਹਰੀ ॥ ਕਾਟਤ ਸੀਸ, ਨ ਲਾਗੀ ਘਰੀ ॥੨੪॥
ਦੋਹਰਾ ॥ ਹਰਿ ਜਨ, ਹਰਿ ਕਉ ਆਰਾਧਿਆ, ਨਾਲੇ ਲੀਨੋ ਬੋਧ ॥
ਕਿਛ ਸਿਮਰਨੁ, ਕਿਛ ਅਸਰੁ ਹੋਇ, ਲੀਨੋ ਹਰਿ ਪ੍ਰਮੋਧ ॥੧॥
ਸੋਰਠਾ ॥ ਆ ਦਿਨ ਪਰੈ ਅਰਥੁ, ਧਰਮ ਨ ਆਪਨਾ ਛਾਡੀਐ ॥
ਬਹੁਰਿ ਮਿਲੈ ਹਰਿ ਤਬਿ, ਜੋ ਗਤਿ ਹੋਇ ਸਰੀਰ ਮੈ ॥
ਪਉੜੀ॥ਹਰਿ ਸਿਮਰਨ,ਪ੍ਰਹਿਲਾਦ ਉਧਾਰੇ ॥ਪ੍ਰਹਿਲਾਦ ਉਧਾਰਿ,ਹਰਿਨਾਖਸ ਮਾਰੇ ॥
ਹਰਿ ਸਿਮਰਨ, ਮਾਨੁਖ ਦੇਹਿ ਪਾਈ ॥ ਆਨ ਜਪੇ, ਸਭ ਭਗਤਿ ਗਵਾਈ ॥
ਹਰਿ ਸਿਮਰਨ, ਜਮ ਦੂਤਿ ਨ ਆਵੈ ॥ ਹਰਿ ਸਿਮਰਨ, ਸਤਿ ਸੰਗਤਿ ਪਾਵੈ ॥
ਹਰਿ ਸਿਮਰਨਿ, ਹੋਤ ਭਗਤਿ ਬਿਲਾਸੁ ॥ਹਰਿ ਜਨ ਕੈ ਘਟਿ, ਹਰਿ ਕਰੈ ਨਿਵਾਸੁ ॥੨੫॥
ਦੋਹਰਾ ॥ ਸਿਮਰਨ ਸਭ ਤੇ ਊਚ ਹੈ, ਅਰ ਊਚ ਨੀਚ ਧਰਿ ਧਿਆਨੁ ॥
ਹਰਿ ਗੁਨ ਘਟਿ ਮੈ ਰਚਿ ਰਹਿਓ, ਹਰਿ ਕਰਨੀ ਪਰਵਾਨ ॥੧॥
ਸੋਰਠਾ ॥ ਜਪਤਿ ਰਹੋ ਦਿਨ ਰਾਤਿ, ਸਾਚੇ ਮਨ ਮੋ ਰਚਿ ਰਹੈ ॥
ਹਰਿ ਜਨ ਬਲਿ ਬਲਿ ਜਾਤਿ, ਜਿਸ ਸਿਮਰਨ ਸੁਖ ਪਾਇਐ ॥੨॥
ਪਉੜੀ॥ਹਰਿ ਕੈ ਸਿਮਰਨ, ਭਰਮ ਸਭ ਜਾਇ ॥ਹਰਿ ਕੈ ਸਿਮਰਨ, ਸਦਾ ਸੁਖ ਪਾਇ ॥
ਹਰਿ ਕੈ ਸਿਮਰਨ, ਅਨੰਦ ਸੁਖ ਹੋਇ ॥ ਹਰਿ ਕੈ ਸਿਮਰਨ, ਮੈਲ ਸਭ ਖੋਇ ॥
ਹਰਿ ਕੈ ਸਿਮਰਨ, ਕੋਟ ਪਾਪ ਜਾਹਿ ॥ ਹਰਿ ਕੈ ਸਿਮਰਨ, ਬਸੈ ਮਨ ਮਾਹਿ ॥
ਹਰਿ ਸਿਮਰਨ, ਦੂਤ ਦੁਖ ਜਾਹਿ ॥ ਹਰਿ ਕੈ ਸਿਮਰਨ, ਪਰਮਗਤਿ ਪਾਹਿ ॥੨੬॥

ਦੋਹਰਾ ॥ ਸਿਮਰਿ ਸਿਮਰਿ ਜਨ ਸਿਮਰਤੇ, ਸਿਮਰਤ ਹੈ ਮਨ ਮਾਹਿ ॥
ਇਕੁ ਮਨੁ ਹੋਇ ਕੈ, ਸਿਮਰਨਾ ਸਾਚੀ ਪਦਵੀ ਪਾਹਿ ॥੧॥
ਸੋਰਠਾ ॥ ਸਿਮਰਨ ਕਰਹੁ ਨਿਸੰਗ, ਰੰਗ ਪ੍ਰਭੁ ਕਾ ਦੇਖ ਲੇਹੁ ॥
ਨਾ ਤੁਮ ਕਰਹੁ ਦੁਰੰਗ, ਹਰਿ ਜਨ ਹਰਖੁ ਨ ਰਾਖਈ ॥੨॥
ਪਉੜੀ ॥ ਮੁਸਲਮਾਨ, ਮੁਸਲਮ ਈਮਾਨੁ ॥ ਕਰੈ ਬੰਦਗੀ, ਪੜੈ ਕੁਰਾਨੁ ॥
ਸਿਦਕ ਰਾਖ, ਨਿਵਾਜ ਗੁਜਾਰੈ ॥ ਤੀਹੇ ਰੋਜੇ, ਫਰਜ ਉਤਾਰੈ ॥
ਦੀਨਦਾਰ ਸਿਦਕ ਆਲ ਆਕੀਦੈ ॥ ਪਲ ਪਲ, ਦਮ ਦਮ, ਨਾਮੁ ਨਿਚੀਦੈ ॥
ਸਿਫਤ ਪੈਕੰਬਰ ਕੀ,ਰਾਖੈ ਮਨ ਮਾਹਿ ॥ਚਾਰ ਯਾਰ ਪਰ, ਬਲ ਬਲ ਜਾਹਿ ॥੨੭ ॥
ਦੋਹਰਾ ॥ ਮੁਸਲਮਾਨ ਸੋਈ ਜਾਨੀਐ, ਕਲਮਾਂ ਪੜ੍ਹੈ ਮਨ ਮਾਹਿ ॥
ਦੀਨ ਮਹੰਮਦ ਕੇ ਨਾਮ ਪਰ, ਹਰਿ ਜਨ ਬਲਿ ਬਲਿ ਜਾਹਿ ॥੧॥
ਸੋਰਠਾ ॥ ਕਾਫਰ ਬੇਈਮਾਨੁ, ਦੀਨ ਦੁਨੀਆਂ ਮੈ ਜਰਦਰੂ ॥
ਹਿੰਦੂ ਮੁਸਲਮਾਨ ਸਭ, ਕਰਨੀ ਪ੍ਰਵਾਨ ਹੈ ॥੨॥
ਪਉੜੀ ॥ ਇਸ ਕਲ ਮਹਿ, ਸੁਚਿ ਕਿਰਿਆ ਜਾਨੁ ॥
ਬ੍ਰਹਮਨ, ਸੁਚਿ ਕਿਰਿਆ ਪਰਵਾਨੁ ॥
ਬਕਰਾ ਮਾਰੈ, ਜੀਵ ਤੇ ਖੋਵੈ ॥ ਲਾਇ ਪ੍ਰੇਮ, ਮਾਸ ਕਉ ਧੋਵੈ ॥
ਜਬ ਵਹੁ ਮਾਸ, ਭਯਾ ਤਯਾਰ ॥ ਤਬ ਜੇਵਣ ਬੈਠੇ, ਸਭ ਕੂੜਿਆਰੁ ॥
ਦੇਖਹੁ ਚਉਕਾ, ਭਿਟੈ ਕਾਇ ॥ ਹਾਡ ਚਾਮ ਖਾਣੇ ਤੇ ਜਾਇ ॥੨੮॥
ਦੋਹਰਾ ॥ ਚਉਕਾ ਦੇਹਿ ਬਨਾਇਕੈ, ਬ੍ਰਹਮਨ ਅਤੇ ਬਲਵਾਨੁ ॥
ਹਾਡ ਚਚੋੜਹਿ ਕਾਗ ਜਿਉ, ਲਪਟ ਰਹੇ ਜਿਉ ਸੁਆਨ ॥੧॥
ਸੋਰਠਾ ॥ ਹਾਡ ਮਾਸ ਤੁਮ ਖਾਹੁ, ਸੁਚਿ ਕਿਰਿਆ ਤੁਮ ਢੂਢਤੇ ॥
ਹਰਿ ਜਨ, ਇਹ ਸੁਨਿ ਨਾਹਿ, ਧਰਮ ਅਪਨੇ ਕਉ ਖੋਵਤੇ ॥੨॥
ਪਉੜੀ ॥ ਹਰਿ ਕੀ ਕਰਨੀ, ਰਾਖਹੁ ਆਸ ॥ ਹਰਿ ਕੀ ਕਰਨੀ, ਮਨ ਬਿਸਵਾਸੁ ॥
ਹਰਿ ਕੀ ਕਰਨੀ, ਰਹਿ ਨਿਰਮੋਹ ॥ ਹਰਿ ਕੀ ਕਰਨੀ, ਰਾਖੈ ਮਨ ਧ੍ਰੋਹ ॥
ਹਰਿ ਕੀ ਕਰਨੀ, ਨਰਕ ਸੋਂ ਪਰੈ ॥ ਹਰਿ ਕੀ ਕਰਨੀ, ਰਹੈ ਸੁਖ ਵਾਸੁ ॥
ਹਰਿ ਕੀ ਕਰਨੀ, ਫਿਰੈ ਉਦਾਸ ॥ ਹਰਿ ਕੀ ਕਰਨੀ, ਜੋਗੁ ਕਮਾਵੈ ॥
ਹਰਿ ਕੀ ਕਰਨੀ,ਚਿਤ ਪ੍ਰਭ ਸਿਉ ਲਾਵੈ ॥ਹਰਿ ਕੀ ਕਰਨੀ, ਰਾਜ ਸਭ ਭਇਆ ॥
ਬਿਨ ਸਿਮਰਨ, ਅਕਾਰਥ ਗਇਆ ॥ ਹਰਿ ਕੀ ਕਰਨੀ, ਜਸੁ ਸੰਸਾਰੁ ॥

ਹਰਿ ਕੀ ਕਰਨੀ, ਦਰਦ ਬਿਕਾਰੁ ॥ ਹਰਿ ਕੀ ਕਰਨੀ, ਧਰਤਿ ਆਕਾਸ ॥
ਹਰਿ ਕੀ ਕਰਨੀ, ਜਲ ਪਉਨ ਨਿਵਾਸੁ ॥ ਹਰਿ ਕੀ ਕਰਨੀ, ਭਜਨ ਅਤਿ ਹੋਇ ॥
ਹਰਿ ਕੀ ਕਰਨੀ, ਪਰਮ ਬੁਧਿ ਹੋਇ ॥ ਹਰਿ ਕੀ ਕਰਨੀ, ਭਇਓ ਭਿਖਾਰੀ ॥
ਹਰਿ ਕੀ ਕਰਨੀ, ਭਇਓ ਉਪਕਾਰੀ ॥ ਹਰਿ ਕੀ ਕਰਨੀ ਮੈਲ ਸੁਚ ਹੋਵੈ ॥
ਹਰਿ ਕੀ ਕਰਨੀ, ਬੀਜ ਧਰਮ ਬੋਵੈ ॥ ਹਰਿ ਕੀ ਕਰਨੀ, ਦਸ ਅਉਤਾਰ ॥
ਹਰਿ ਕੀ ਕਰਨੀ, ਮੁਕਤ ਦੁਆਰ ॥ ਹਰਿ ਕੀ ਕਰਨੀ, ਸ੍ਰਿਸਟਿ ਉਪਜਾਇ ॥
ਹਰਿ ਕੀ ਕਰਨੀ, ਸਤਿਗੁਰ ਪਾਇ ॥ ਹਰਿ ਕੀ ਕਰਨੀ, ਚਿਤ ਚਰਨੀ ਲਾਇ ॥
ਹਰਿ ਕੀ ਕਰਨੀ, ਸੁਰਗ ਮਹਿ ਜਾਇ ॥ ਹਰਿ ਕੀ ਕਰਨੀ, ਨਰਕ ਨਹਿ ਪਾਇ ॥
ਹਰਿ ਕੀ ਕਰਨੀ, ਕਾਰਜੁ ਸਭੁ ਹੋਇ ॥ਹਰਿ ਕੀ ਕਰਨੀ, ਪਾਪ ਮੈਲ ਖੋਇ ॥੨੯॥
ਦੋਹਰਾ ॥ ਹਰਿ ਕਰਨੀ ਪਰਵਾਨੁ, ਅਰ ਕਰਨ ਕਰਾਵਨ ਜੋਗੁ ॥
ਜੋ ਕਿਛ ਕੀਆ ਸੁ ਹਰਿ ਕੀਆ, ਨਿਸ ਦਿਨ ਹਰਿ ਜਨ ਭੋਗੁ ॥੧॥
ਸੋਰਠਾ ॥ ਹਰਿ ਜਨ ਹਰਿ ਆਰਾਧ, ਕਾਰਜ ਸਭ ਪੂਰੇ ਪਵਹਿ ॥
ਮਹਾ ਤਪੱਸੀ ਸਾਧ, ਹਰਿ ਕਰਣੀ ਚਿਤ ਲਾਗ ਰਹੈ ॥੨॥
ਪਉੜੀ॥ਹਰਿ ਕੀ ਕਰਣੀ, ਸਾਧ ਭਉ ਤਜੈ ॥ ਹਰਿ ਕੀ ਕਰਣੀ, ਸਾਧ ਹਰਿ ਰਚੈ ॥
ਕਲਿ ਕਲੇਸ ਸਾਧੂ ਭੀ ਹੋਵੈ ॥ ਘਰੁ ਘਰੁ, ਤਨੁ ਤਨੁ, ਨਿਸ ਦਿਨ ਜੋਵੈ ॥
ਸਾਧ ਕੀ ਨਿੰਦਾ, ਨਰਕ ਮਹਿ ਪਰਹੀ ॥ ਹਰਿ ਕੀ ਕਰਣੀ, ਸਿਰ ਪਰ ਧਰਹੀ ॥
ਚਾਰ ਜੁਗਿ,ਸੰਗ੍ਰਾਮੁ ਅਤਿ ਭਇਆ॥ਇਸ ਕਲਜੁਗ ਅਚਰਜ ਮਹਿ ਰਹਿਆ ॥੩੦॥
ਦੋਹਰਾ ॥ ਰਾਮ ਨਾਮ ਹਿਰਦੈ ਧਰਹੁ, ਦਇਆ ਦਾਨ ਅਧੀਨ ॥
ਰਾਜ ਤੇਜ ਸੰਗ੍ਰਾਮ ਕਰਹੁ, ਹਰਿਜਨ ਇਹ ਮਤ ਲੀਨ ॥੧॥
ਸੋਰਠਾ ॥ ਨਾਮ ਦਾਨ ਇਸਨਾਨ, ਹਰਿ ਕੀਤਾ ਚਿਤ ਲਾਇਕੈ ॥
ਹਰਿ ਕਰਨੀ ਪਰਵਾਨੁ, ਚਾਰਿ ਜੁਗ ਮਹਿ ਜਾਨੀਐ ॥੨॥
ਪਉੜੀ ॥ ਇਕ ਧ੍ਰੋਹੀ ਮਿਤ੍ਰ ਸੈ, ਕਰਹਿ ਪ੍ਰੀਤਿ ॥ ਮਿਤ੍ਰ ਰਾਖੈ ਧਰਮ ਕੀ ਰੀਤਿ ॥
ਧ੍ਰੋਹੀ ਧ੍ਰੋਹ ਕਰੇ, ਮਿਤ੍ਰ ਕੋ ਖਾਇ ॥ ਮਿਤ੍ਰ ਕੈ, ਹਰਿ ਸਦਾ ਸਹਾਇ ॥
ਧ੍ਰੋਹੀ ਖਾਇ, ਅਉਰ ਮਨਿ ਘੜੈ ॥ ਖਾਤਿ ਖਾਤਿ ਵਹੁ, ਖਾਤਿ ਮੈ ਪੜੈ ॥
ਮਿਤ੍ਰ ਰਾਖੈ, ਹਰਿ ਕੀ ਆਸ ॥ ਖਰਚ ਖਜਾਨਾ, ਦੂਨੀ ਰਾਸ ॥੩੧॥
ਦੋਹਰਾ ॥ ਮਿਤ੍ਰ ਮਨਿ ਆਨੰਦ, ਧ੍ਰੋਹੀ ਕੈ ਧ੍ਰੋਹ ਧਿਆਨ ॥

ਮਿਤ੍ਰ ਹਰਿ ਕੈ ਮਨਿ ਵਸੈ, ਧ੍ਰੋਹੀ ਬੇਈਮਾਨ ॥੧॥
ਸੋਰਠਾ ॥ ਅਕਿਰਤ ਘਣੁ ਗਇਆ ਨਿਰਾਸ, ਬਿਸਵਾਸ ਘਾਤੀ ਭੀ ਜਾਇਗਾ ॥
ਨਿੰਦਕ ਜਿਮੀ ਅਸਮਾਨ, ਈਹਾ ਊਹਾ ਨ ਹੋਇਸੀ ॥੨॥
ਪਉੜੀ॥ਸਤਜੁਗਿ ਸਭ ਸੁਰ, ਭਗਤਿ ਕਮਾਵੈ ॥ ਤ੍ਰੇਤੈ ਜਪੁ ਤਪੁ, ਜੋਗ ਲਿਵ ਲਾਵੈ ॥
ਦੁਆਪੁਰਿ ਦਰਸਨੁ, ਹਰਿ ਸੰਤਿ ਕਾ ਕੀਨਾ ॥ ਵਾਹਗੁਰੂ ਨਾਮ ਸਾਚਾ ਮਨੁ ਲੀਨਾ ॥
ਕਲਜੁਗ ਦੇਖਹੁ, ਹੋਤ ਸੰਗ੍ਰਾਮ ॥ ਝੂਠੇ ਚਿਤ ਸਿਉ, ਜਪੈ ਹਰਿ ਨਾਮੁ ॥
ਤ੍ਰੈ ਜਗ ਥਾ, ਖੰਡੇ ਕੀ ਧਾਰ ॥ ਕਲਿਜੁਗ, ਕ੍ਰੋਧ, ਲੋਭ, ਅਹੰਕਾਰ ॥੩੨॥
ਦੋਹਰਾ ॥ ਸਤਿਜੁਗ ਸੰਸਾ ਨ ਰਹੈ, ਅਰ ਤ੍ਰੇਤੈ ਤਨ ਮਨੁ ਰਾਮ ॥
ਦੁਆਪਰਿ ਦਰਸਨ ਮੈ ਰਹੈ, ਕਲਿਜੁਗ ਮੈ ਸੰਗ੍ਰਾਮ ॥੧॥
ਸੋਰਠਾ ॥ ਸਤਿਜੁਗ ਸਤ ਸੰਤੋਖ, ਅਰ ਤ੍ਰੇਤੈ ਜਪੁ ਤਪੁ ਚੀਨਈ ॥
ਦੁਆਪਰਿ ਹਰਿ ਕੀਨੇ ਚੋਜੁ, ਕਲਜੁਗਿ ਨਾਮੁ ਦਾਨ ਸੰਗ ਰਾਮ ਹੈ ॥੨॥
ਪਉੜੀ ॥ ਸਿਖ ਸੰਤੋ ਮੁਖਿ ਬੋਲਹੁ ਰਾਮ ॥ ਸਾਧ ਸੰਗਿ ਕਰਨੀ ਪਰਵਾਨ ॥
ਸਾਧ ਸੰਗਿ ਕੀਆ ਪ੍ਰਭ ਪਾਇਆ॥ਸਾਧ ਸੰਗਿ, ਕੀਆ ਹਰਿ ਜਨੁ, ਇਹੁ ਮਨ ਲਾਇਆ ॥
ਇਸ ਕਲਿ ਮਹਿ, ਭਇਓ ਸੰਗ੍ਰਾਮ ॥ ਬਿਧ ਨੈ ਠਟੀ ਕਰਨੀ ਪਰਵਾਨੁ ॥
ਸਤਿਗੁਰ ਕੀ, ਜੋ ਨਿੰਦਾ ਕਰੈ ॥ ਮਾਇ ਬਾਪ ਕੈ ਆਗੈ ਮਰੈ ॥੩੩॥
ਦੋਹਰਾ ॥ ਪੂਰੀ ਵਾਕੀ ਨ ਪਵੈ, ਸੰਤਾ ਕਹਿਓ ਨ ਮਾਨ ॥
ਬਿਧ ਨੈ ਠਟੀ ਸੁ ਹੋਇ ਹੈ, ਨ ਛੋਡੈ ਮੁਖਿ ਨਾਮੁ ॥੧॥
ਸੋਰਠਾ ॥ ਲੋਭ ਪਾਪ ਸਭ ਝੂਠ ਹੈ, ਇਸ ਕਲ ਮੈ ਸੰਗ੍ਰਾਮ ॥
ਹਰਿ ਜਨ ਹਿਰਦੈ, ਹਰਿ ਬਸੈ, ਨ ਛੋਡੈ ਹਰਿ ਨਾਮ ॥੨॥
ਪਉੜੀ॥ ਬਿਉਹਾਰ ਚਲਣ ਕਲਿ ਮੈ ਹੈ ਐਸਾ ॥ ਅੰਦਰਿ ਬਹੈ ਕੈ, ਲਿਆਵੈ ਪੈਸਾ ॥
ਲੈ ਪੈਸਾ ਘਰਿ ਮੈ ਜੋ ਆਵੈ ॥ ਮਹਾ ਅਨੇਕ ਅਨੰਦ, ਸੁਖ ਪਾਵੈ ॥
ਮਨੁ ਮਾਨਸ ਕੌ ਬਹੁ ਸਮਝਾਵੈ ॥ ਜੋ ਦੀਜੈ ਸ਼ਾਹਾ, ਤੋ ਕੁਟੰਬ ਕਿਆ ਖਾਵੈ ॥
ਸ਼ਾਹਾ ਆਏ ਕਉ ਸੰਡਿਆ ਕੀਆ ॥ ਜੋ ਕਿਛੁ ਥਾ ਤੁਮਰਾ, ਹਮ ਦੀਆ ॥੩੪॥
ਦੋਹਰਾ ॥ ਦੇਖੈ ਸ਼ਾਹ ਪੈਸੇ ਗਏ, ਕੀਜੈ ਕਉਨ ਉਪਾਉ ॥
ਅੰਦਰਿ ਬਹੈ ਪੈਰੀ ਪਵੈ, ਜੋ ਸਉਦਾ ਮਤ ਗਵਾਉ ॥੧॥

ਸੋਰਠਾ ॥ ਪੈਸੇ ਤੇਰੈ ਠਾਂਇ, ਦੇਨੇ ਕਉ ਕਿਛੁ ਘਰੁ ਨਹੀ ॥
ਕਾਟ ਬਾਟ ਕਰ ਮਾਹਿ, ਤੁਮ ਤੇ ਹਮ ਫਾਰਗ ਭਏ ॥੨॥
ਪਉੜੀ ॥ ਅਸੁਰ ਰਾਜ ਇਹੁ, ਕਲ ਮੈ ਭਇਆ ॥
ਜਪੁ, ਤਪੁ, ਸਤ, ਛੀਨ ਹੁਇ ਗਇਆ ॥
ਥੋਰੇ ਦਿਨ, ਅਸਰਨ ਦਾ ਜੋਰਾ ॥ ਭਗਤ ਪਰਤਾਪੁ ਹੋਤ ਨਹੀ ਥੋਰਾ ॥
ਹੋਇਗਾ ਸੰਗ੍ਰਾਮ, ਸੰਤ ਭੀ ਦੇਖੈ ॥ ਕਰਨਾ ਪ੍ਰਭ ਕਾ, ਹੋਇਗਾ ਲੇਖੈ ॥
ਲਿਖਿਆ ਲੇਖੁ ਆਪਨੇ ਹਾਥੁ ॥ ਧਰਮ ਪ੍ਰਗਾਸ, ਜਾਇਗਾ ਪਾਪੁ ॥੩੫॥
ਦੋਹਰਾ ॥ ਸਾਧੋ ਸ਼ਿਦਤਿ ਨਾ ਕਰੋ, ਅੰਤੁ ਨ ਵਾਕਾ ਦੇਖੁ ॥
ਅੰਤੁ ਦੇਖਿ ਦੁਖੁ ਪਾਵਸੀ, ਟਰੇ ਨ ਕਰਮ ਕੀ ਰੇਖ ॥੧॥
ਸੋਰਠਾ ॥ ਖੇਲੁ ਲੇਹੁ ਦਿਨ ਚਾਰਿ, ਬਹੁਰਿ ਨ ਖੇਲਨ ਹੋਇਸੀ ॥
ਉਡਨ ਹੋਇਗੋ ਛਾਰ, ਢੂੰਢੇ ਹਥਿ ਨ ਆਵਸੀ ॥੨॥
ਪਉੜੀ॥ ਇਸ ਕਲਿ ਮੈ, ਜਪ ਨਾਮ ਕਾ ਜਾਪ ॥ਨਿਹਚੈ ਹੋਇ, ਸਾਚ ਮਨਿ ਥਾਪ ॥
ਬਿਨ ਹਰਿ ਨਾਮ, ਧਰਮ ਨਹੀ ਕੋਈ ॥ ਅੰਤਿ ਕਾਲ, ਸਿਮਰਨ ਗਤਿ ਹੋਈ ॥
ਨਿਹਚੈ ਹੋਇ, ਸਿਮਰਹੁ ਮਨੁ ਮਾਹਿ ॥ ਚਰਣ ਲਾਗਿ, ਪਾਪੁ ਸਭ ਜਾਇ ॥
ਲਾਖ ਸਿਆਨਪ, ਕਰਿ ਕਰਿ ਦੇਖੈ ॥ ਬਿਨ ਹਰਿ ਸਿਮਰਨ, ਕਛੂ ਨ ਲੇਖੈ ॥੩੬॥
ਸਲੋਕ ॥ ਹਰਿ ਕਾ ਮਿਲਣਾ ਦੂਰ ਹੈ, ਦੁਰਮਤਿ ਮਨਹੁ ਨ ਜਾਇ ॥
ਦੁਰਮਤਿ ਜਾਇ, ਤੌ ਹਰਿ ਮਿਲੇ; ਹਰਿਜਨ ਹਰਿ ਕੇ ਪਾਇ ॥੧॥
ਸੋਰਠਾ ॥ ਹਰਿ ਕਾ ਨਾਮੁ ਤੁਮ ਲੇਹੁ, ਜਿਉ ਮਛਲੀ ਜਲ ਪੀਵਤੀ ॥
ਹਰਿ ਸਿਉ ਰਾਖੁ ਸਨੇਹੁ, ਜਿਉ ਨੀਰ ਮੀਤ ਮਛਲੀ ਕਰੈ ॥੨॥
ਪਉੜੀ ॥ ਅੰਮ੍ਰਿਤ ਵੇਲੈ, ਕਰਿ ਇਸਨਾਨ ॥ ਮਨਿ ਠਹਿਰਾਹੁ, ਧੁਨ ਧਰ ਧਿਆਨ ॥
ਐਸਾ ਜਪਨਾ, ਜਪਹੁ ਰੇ ਭਾਈ ॥ ਅੰਤ ਕਾਲ, ਹਰਿ ਹੋਇ ਸਹਾਈ ॥
ਹਰਿ ਚਰਣੀ, ਐਸਾ ਚਿਤ ਲਾਵਹੁ ॥ ਮਨਸਾ ਧਾਰਿ, ਹਰਿ ਨਾਮੁ ਧਿਆਵਹੁ ॥
ਧਿਆਨ ਲਾਇ, ਨਿਸਚੈ ਹੋਇ ਰਹੋ ॥ ਪ੍ਰੀਤ ਨੀਤ, ਨਿਤ ਚਿਤੁ ਮੈ ਲਹੋ ॥੩੭॥
ਦੋਹਰਾ ॥ ਪ੍ਰੀਤ ਕਰਹੁ, ਚਿਤੁ ਲਾਇ ਕੈ, ਇਕ ਮਨ ਹੋਇਕੈ ਜਾਪ ॥
ਕਰਿ ਇਸਨਾਨ, ਸੁਖਮਨ ਪੜੋ, ਨਿਹਚੈ ਮਨ ਕਉ ਥਾਪਿ ॥੧॥
ਸੋਰਠਾ ॥ ਨਾਮੁ ਦਾਨੁ ਇਸਨਾਨੁ, ਬਿਨ ਕਰਮਾ ਨਹੀ ਪਾਇਐ ॥
ਸੰਤ ਸੰਗਤ ਪਰਵਾਨ, ਸੁਚ ਧਿਆਨ ਨਹੀ ਛਾਡੀਐ ॥੨॥

ਪਉੜੀ॥ ਜਾਪਹੁ ਅਪਰੰ ਅਪਾਰ ਨਿਰੰਕਾਰ ॥ ਤੂ ਸਰਬ ਜੀਆ ਕਾ ਪਾਲਨ ਹਾਰ ॥
ਤੂ ਅਲਖ ਲੇਖ ਕਾ ਧਨੀ ॥ ਤੂੰ ਬਿਅੰਤ ਅੰਤ ਤੇਰਾ ਕਿਨ ਗਨੀ ॥
ਤੂ ਸਰਬ ਨਿਧਾਨ, ਪੂਰਨ ਮੈ ਗਾਇਆ ॥ ਤੂ ਸੁਖ ਦੇਉ, ਸੇਵ ਕਰਿ ਪਾਇਆ ॥
ਤੂ ਭਗਤ ਵਛਲ, ਹਰਿ ਅੰਤਰਿ ਜਾਮੀ ॥
ਤੂ, ਹਰਿ ਦਿਆਲ ਅਕਾਲ ਨਿਹਾਲ ਜਿਉ ਧਾਮੀ ॥੩੮॥
ਦੋਹਰਾ ॥ ਤੂੰ ਸਿ ਤੂਨ ਬੇ ਚਮੂਨ ਮੈ, ਮੂਨ ਪੜੰਤੀਆ ਹੋਇ ॥
ਹਰਿਜਨੁ, ਸਿਮਰਨ ਸਿਮਰ ਲੇਹੁ, ਮਨ ਕੀ ਦੁਰਮਤਿ ਖੋਇ ॥
ਸੋਰਠਾ ॥ ਲਖਿ ਚਉਰਾਸੀਹ ਜਾਹਿ, ਤੇਰਾ ਅੰਤੁ ਨ ਕਿਨਹੀ ਪਾਇਆ ॥
ਜਪਤ ਰਹੋ ਦਿਨ ਰਾਤਿ, ਸਤਿਗੁਰ ਸੰਸਾ ਮੇਟਿਆ ॥੨॥
ਪਉੜੀ ॥ ਤੂੰ ਆਪੇ ਦਾਤਾ, ਆਪੇ ਭੁਗਤਾ, ਤੂੰ ਆਪੇ ਮਿਹਰ ਕਰੰਤਾ ॥
ਤੂੰ ਆਪੇ ਜੋਗੀ, ਤੂ ਆਪੇ ਭੋਗੀ, ਤੂੰ ਆਪੇ ਭੋਗ ਕਰੰਤਾ ॥
ਤੂੰ ਆਪੇ ਅਲਖੁ ਅਲੇਖੁ ਬਿਧਾਤਾ, ਤੂ ਆਪੇ ਕਰਹਿ ਸੁ ਹੋਈ ॥
ਤੂ ਆਪੇ ਦਰਿ ਦਰਿ ਫਿਰਹਿ ਫਿਰਾਵਹਿ, ਤੂ ਆਪੇ ਸੁਖ ਮੈ ਹੋਈ ॥
ਤੂ ਆਪੇ ਸਾਹੁ, ਆਪੇ ਹੀ ਤਸਕਰ ਤੇਰੀ ਕੁਦਰਤਿ ਕਉ ਬਲ ਜਾਉ ॥
ਤੂ ਆਪੇ ਬਾਂਧਹਿ, ਤੂ ਆਪੇ ਛੋਡਹਿ, ਤੂ ਆਪੇ ਕਰਹਿ ਸੁਛਾਉ ॥
ਤੂੰ ਆਪੇ ਸਾਹੁ, ਆਪੇ ਬਾਪਾਰੀ, ਤੂ ਆਪੇ ਭਇਆ ਭਿਖਾਰੀ ॥
ਤੂ ਆਪੇ ਪੁਰਖ ਅਲੇਖ ਕਹਾਵਹਿ, ਤੂੰ ਆਪੇ ਸੁੰਦਰ ਨਾਰੀ ॥੩੯॥
ਦੋਹਰਾ ॥ ਤੂੰ ਅਪਨੇ ਰੰਗ, ਆਪ ਹੀ ਰਾਤਾ, ਤੇਰੀ ਕੁਦਰਤਿ ਕਉ, ਬਲਿ ਜਾਉ ॥
ਹਰਿ ਜਨ, ਹਿਰਦੈ ਹਰਿ ਹਰਿ ਭਜਉ, ਜਨ ਨਾਨਕ ਏਕ ਮਨਾਉ ॥੧॥
ਸੋਰਠਾ ॥ ਜਪਨਾ ਜਪੋ ਮਨ ਮਾਹਿ, ਇਕ ਮਨ ਹੋਇਕੈ ਧਿਆਇਐ ॥
ਬਿਨ ਇਕ ਦੂਜਾ ਨਾਹਿ, ਹਰਿ ਕਾ ਨਾਮ ਨ ਛੋਡੀਐ ॥੨॥
ਪਉੜੀ ॥ ਜਿਸੁ ਰਾਖਹਿ ਤੂੰ, ਦੇਹਿ ਵਡਿਆਈ ॥
ਜਿਸੁ ਰਾਖਹਿ ਤੂੰ, ਸਦਾ ਸਹਾਈ ॥ ਜਿਸੁ ਰਾਖੈ ਤੂੰ, ਰਹੈ ਸੁਮੇਰ ॥
ਸਿਮਰਹਿ ਮੁਨ ਜਨ, ਜਛੁੱ ਕੁਮੇਰ ॥ ਜਿਸ ਰਾਖਹਿ ਤੂੰ, ਆਦ ਜੁਗਾਦੀ ॥
ਹਰਿਨਾਖਸ ਮਾਰਿਓ, ਰਖਿਓ ਪ੍ਰਹਲਾਦੀ ॥
ਜਿਸ ਰਾਖਹਿ ਤੂੰ, ਆਪਣਾ ਜਾਨਿ ॥ ਵਾਕਉ ਕਬਹੁ ਨ, ਹੋਵੈ ਹਾਨਿ ॥੪੦॥
ਦੋਹਰਾ ॥ ਹਰਿ ਕਾ ਨਾਮ ਹਿਰਦੈ ਧਰੋ ਪ੍ਰਭ ਜੀ ਲੇਹੁ ਪਰਾਖ ॥

ਕਰਿ ਇਸਨਾਨ, ਸੁਖਮਨ ਪੜ੍ਹੋ, ਨਿਹਚੈ ਮਨ ਕੋ ਬਾਪ ॥੧॥
ਸੋਰਠਾ ॥ ਜਪ ਤੂ ਇਕ ਮਨ ਹੋਇ, ਆਨ ਨਾਮ ਜਪਨਾ ਨਹੀ ॥
ਮਾਨਸ ਜਨਮ ਹੈ ਦੈਵ, ਬਿਨ ਹਰਿ ਭਜਨ ਨ ਪਾਵਹੀ ॥੨॥
ਪਉੜੀ ॥ ਨ, ਰਟਨ ਮੈ ॥ ਨ, ਜਟਨ ਮੈ ॥ ਨ, ਘਟਨ ਮੈ ॥ ਨ, ਜਤਨ ਮੈ ॥
ਨ, ਭਿੰਡ ਕੇ ਦਿਖਾਇ ਮੈ ॥ ਨ, ਸਾਸ ਕੈ ਚੜ੍ਹਾਹਿ ਮੈ ॥ ਚਤੁਰ ਸੁਜਾਨ ਹੈ ॥
ਇਸਨਾਨ ਜਲ ਧੋਇ ਹੈ ॥ ਬਹੁਤ ਬਾਤ ਮਨ ਗੋਇ ਹੈ ॥
ਦੇਹੀ ਸਾਦ ਖੋਇ ਹੈ ॥ ਨ ਡਿੰਭ ਕੇ ਡਿਢਾਇ ਮੈ ॥
ਨ ਅਨੇਕ ਬਹੁ ਗਾਇ ਮੈ ॥ ਨ ਬਜੰਤ੍ਰ ਕੇ ਬਜਾਇ ਮੈ ॥
ਨ ਦੇਹੀ ਧੂਰ ਲਾਇ ਮੈ ॥ ਨ ਮਾਲਾ ਕੇ ਫਿਰਾਇ ਮੈ ॥
ਨ ਸਾਰ ਕੇ ਦਿੜ੍ਹਾਇ ਮੈ ॥ ਹਰਿ ਪਾਵਨ ਕੀਏ ॥
ਬਾਤ ਸੁਚ ਸਾਚੁ ਹੀਐ ਸਾਤ ॥ ਨਹੀ ਸੋਵਹਿ ਜੋ ਰਾਤ ॥
ਹਰਿ ਜਨਾ, ਹਰਿ ਮਿਲਹਿ ਆਪਹੀ ॥੪੧॥
ਡਖਣਾ ॥ ਮਨਹੀ ਅੰਦਰ ਢਾਹ, ਬਿਨ ਦੇਖੇ ਮਹਬੂਬ ਕੇ ॥
ਜਬਹੀ ਹੋਇ ਨਿਬਾਹੁ, ਹਰਿ ਜਨ ਸਚ ਮੈ ਰਚਿ ਰਹੇ ॥੧॥
ਪਉੜੀ॥ਇਸ ਜਗ ਮੈ ਪਾਗ ਹਾਥ ਦੈ ਰਾਖੈ ॥ਨਿਸ ਦਿਨੁ, ਰਾਮ ਨਾਮ ਇਹੁ ਭਾਖੈ ॥
ਇਨ ਮਾਇਆ, ਮੁਨੀ ਜਨ ਮੋਹੇ ॥ ਏਹ ਕੁਲ ਸੇਵਕ, ਮਾਇਆ ਕੇ ਹੋਏ ॥
ਮਾਇ ਬਾਪੁ ਭਾਈ ਸਬ ਮਾਇਆ ॥ ਔਰਤ ਪ੍ਰੀਤ, ਭੈਨ ਅਰੁ ਭਾਇਆ ॥
ਜਬ ਮਾਇਆ, ਤਬ ਆਦਰ ਹੋਇ ॥ ਬਿਨ ਧਨੁ ਬਾਤ ਨ ਪੂਛੈ ਕੋਇ ॥੪੨॥
ਦੋਹਰਾ ॥ ਧਨੁ ਮਾਇਆ, ਕਿਆ ਚਾਹਤੇ, ਮਾਇਆ ਮੋਹ ਸਭ ਕੂਰ ॥
ਹਰਿ ਜਨ, ਹਰਿ ਕੇ ਨਾਮ ਬਿਨ, ਹੋਤ ਜਾਤ ਸਭ ਧੂਰ ॥੧॥
ਪਉੜੀ॥ਸੁਨਹੁ ਸੰਤਹੁ, ਤੁਮ ਸਾਚੀ ਬਾਨੀ ॥ ਗੁਰ ਅਪਨੇ ਕਉ, ਹਰਿ ਜਨ ਜਾਨੀ ॥
ਜਾ ਹਰਿ ਹੋਵਹਿ, ਸਦਾ ਸਹਾਈ ॥ ਧਰਮ ਬਿਲਾਸ, ਪਰਮਗਤਿ ਪਾਈ ॥
ਪਾਖੰਡ ਛਾਡਿ, ਬ੍ਰਹਮੰਡ ਮਨ ਧਰੋ ॥ ਆਨ ਛਾਡਿ, ਸਿਮਰਨ ਨਿਤ ਕਰੋ ॥
ਸੁਚ ਕਿਰਿਅ ਅਰਿ ਹਰਿ ਭਜੋ ॥ ਝੂਠਾ ਪੈਰੀ ਪਉਣਾ ਤਜੋ ॥੪੩॥
ਦੋਹਰਾ ॥ ਜੋ ਤੁਮ ਸਾਚੇ ਸਿਖ ਹਹੁ, ਤਜਹੁ ਕੁਬੁਧੀ ਮਤ ॥
ਹਰਿ ਜਨੁ ਹਰਿਕਾ ਭਜਨੁ ਭਜੋ, ਤਬ ਹੋਇ ਤੁਮਾਰੀ ਗਤਿ ॥੧॥
ਸੋਰਠਾ ॥ ਜੋ ਤੁਮ ਰਾਖਹੁ ਸਾਚ, ਬਚਨ ਹਮਾਰਾ ਮਾਨ ਲੇਹੁ ॥

ਗੁਰ ਕਾ ਹੋਇ ਸਰਾਪ, ਜੋ ਤੁਮ ਹੋਹੁ ਅਧਰਮ ਮਹਿ ॥੨॥੪੩॥੧॥

ੴ ਸ੍ਵੈਯਾ ਪਾਤਸਾਹੀ ੧੦ ॥

ਜੋ ਕਿਛੁ ਲੇਖੁ ਲਿਖਿਓ ਬਿਧਨਾ, ਸੋਈ ਪਾਯਤੁ ਮਿਸ੍ਰ ਜੂ, ਸੋਕ ਨਿਵਾਰੋ ॥
ਮੇਰੋ ਕਛੂ ਅਪਰਾਧੁ ਨਹੀ, ਗਯੋ ਯਾਦ ਤੇ ਭੂਲ, ਨਹ ਕੋਪੁ ਚਿਤਾਰੋ ॥
ਬਾਗੋ ਨਿਹਾਲੀ ਪਠੈ ਦੈ ਹੋਂ ਆਜੁ, ਭਲੇ ਤੁਮ ਕੋ, ਨਿਹਚੈ ਜੀਅ ਧਾਰੋ ॥
ਛਤ੍ਰੀ ਸਭੈ ਕ੍ਰਿਤ ਬਿੱਪਨਕੇ, ਇਨਹੂ ਪੈ ਕਟਾਛ, ਕ੍ਰਿਪਾ ਕੈ ਨਿਹਾਰੋ ॥੧॥
ਸ੍ਵੈਯਾ ॥ ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ, ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ ॥
ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ, ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ ॥
ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ, ਇਨਹੀ ਕੀ ਕ੍ਰਿਪਾ ਸਭ ਸਤ੍ਰੁ ਮਰੇ ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀ ਮੋ ਸੇ ਗਰੀਬ ਕਰੋਰ ਪਰੇ ॥੨॥
ਸ੍ਵੈਯਾ ॥ ਸੇਵ ਕਰੀ ਇਨ ਹੀ ਕੀ ਭਾਵਤ, ਅਉਰ ਕੀ ਸੇਵ ਸੁਹਾਤ ਨ ਜੀ ਕੋ ॥
ਦਾਨ ਦਯੋ ਇਨ ਹੀ ਕੋ ਭਲੋ, ਅਰੁ ਆਨ ਕੋ ਦਾਨ ਨ ਲਾਗਤ ਨੀਕੋ ॥
ਆਗੈ ਫਲੈ ਇਨ ਹੀ ਕੋ ਦਯੋ, ਜਗ ਮੈ, ਜਸੁ ਅਉਰ ਦਯੋ ਸਭ ਫੀਕੋ ॥
ਮੋ ਗ੍ਰਹ ਮੈ, ਤਨ ਤੇ ਮਨ ਤੇ, ਸਿਰ ਲਉ, ਧਨ ਹੈ ਸਬ ਹੀ ਇਨ ਹੀ ਕੋ ॥੩॥
ਦੋਹਰਾ ॥ ਚਟ ਪਟਾਇ ਚਿਤ ਮੈ ਜਰਯੋ, ਤ੍ਰਿਣ ਜਿਯੋਂ ਕ੍ਰੁੱਧਤ ਹੋਇ ॥
ਖੋਜ ਰੋਜ ਕੇ ਹੇਤ ਲਗ, ਦਯੋ ਮਿਸ੍ਰ ਜੂ ਰੋਇ ॥੪॥

ੴ ਵਾਹਿਗੁਰੂ ਜੀ ਕੀ ਫਤਹ ॥

ਵਾਰ ਮਾਲ ਕਉਸ ਕੀ, ਪਾਤਿਸ਼ਾਹੀ ੧੦ ॥

ਮਾਲਕਉਸ ਧੁਨਿ ਬਿਮਲ ਬਨਾਈ ॥ ਅਲਖ ਨਾਮੁ ਸਚੁ ਖੁਦਾਈ ॥
ਜਬ ਦੋਨੋ ਹਦਾਂ ਏਕ ਰਖਾਈ ॥ ਨਾਨਕ ਏਹ ਬਿਧਿ, ਸਚੇ ਕੋ ਬਣਿਆਈ ॥
ਨਾਨਕ, ਜੋ ਪ੍ਰਭ ਭਾਵਹਿੰਗੇ ॥ ਹਰਿ ਜੀ, ਹਰਿ ਮੰਦਰਿ ਆਵਹਿੰਗੇ ॥੧॥
ਜਨ ਨੀਲਾ ਘੋੜਾ, ਨੀਲਾ ਜੋੜਾ, ਪਕੜ ਖੰਡਾ ਕੁਫਰ ਹੈ ਤੋੜਾ ॥
ਜਬ ਦੁਲ ਦੁਲ ਘੋੜਾ ਆਨ ਫਿਰਾਇਆ ॥ ਤਬ ਜੀਆ ਜੂਨ ਅੰਗ ਲਪਟਾਇਆ॥
ਜਬ, ਸੀਖ ਪਾਉ ਹੋਇ ਜਾਇ ॥ ਚਉਰਾਸੀਹ ਲਖ ਜੀਉ,
ਭ੍ਰਮਿ ਭ੍ਰਮਿ ਬਿਲ ਲਾਇ ॥ ਨਾਨਕ, ਊਹਾ ਨਾਮ ਧਿਆਇ ॥
ਨਾਨਕ, ਜੋ ਪ੍ਰਭ ਭਾਵਹਿੰਗੇ ॥ ਹਰਿ ਜੀ, ਹਰਿ ਮੰਦਰਿ ਆਵਹਿੰਗੇ ॥੨॥
ਜਬ ਨਿਹਕਲੰਕ ਨਿਹ, ਰੂਪ ਸਮਾਨਾ ॥ ਜਬ ਏਕ ਰਹਾ, ਤਬ ਏਕ ਦ੍ਰਿਸਟਾਨਾ ॥
ਅਪਨੀ ਜੋਤਿ, ਆਪ ਹਰਿ ਲੇ ॥ ਤਬ ਮਾਤ ਪਿਤਾ ਸੰਗੀ ਨਹੀ ਕੇ ॥
ਨਾਨਕ, ਊਹਾ ਨਾਮ ਭਜ ਲੇ ॥
ਨਾਨਕ, ਜੋ ਪ੍ਰਭ ਭਾਵਹਿੰਗੇ ॥ ਹਰਿ ਜੀ, ਹਰਿ ਮੰਦਰਿ ਆਵਹਿੰਗੇ ॥੩॥
ਜਬ ਕਾਮ ਤੇਜ, ਜਾਨੇ ਨਹੀਂ ਅੰਧਾ ॥ ਲੋਭ ਤੇਜ, ਸੁਵਾਦ ਕਾ ਬੰਧਾ ॥
ਤੇਜ ਨਿੰਦ੍ਰਾ, ਅਸੁਰ ਕਾ ਜੰਦਾ ॥ ਮੋਹ ਤੇਜ, ਕਾਲ ਕਾ ਫੰਧਾ ॥
ਅਗਮ ਅਗੋਚਰ, ਪ੍ਰਭ ਨਿਰੰਕਾਰਾ ॥ ਨਾਨਕ ਜਿਸ ਭਾਵੈ, ਤਿਸ ਲਏ ਉਬਾਰਾ ॥
ਨਾਨਕ, ਜੋ ਪ੍ਰਭ ਭਾਵਹਿੰਗੇ ॥ ਹਰਿ ਜੀ, ਹਰਿ ਮੰਦਰ ਆਵਹਿੰਗੇ ॥੪॥
ਜਬ ਅਗਨ ਤੇਜ, ਆਗੈ ਦੁਖ ਪਾਏ ॥ ਜਿਭਿਆ ਤੇਜ, ਸੁਆਦ ਲਪਟਾਏ ॥
ਜਬ ਜਲ ਤੇਜ ਕਾ, ਅੰਤ ਨਾ ਪਾਵੈ ॥ ਨਾਨਕ, ਊਹਾਂ ਹਰਿ ਹਰਿ ਧਿਆਵੈ ॥
ਨਾਨਕ, ਜੋ ਪ੍ਰਭ ਭਾਵਹਿੰਗੇ ॥ ਹਰਿ ਜੀ, ਹਰਿ ਮੰਦਰ ਆਵਹਿੰਗੇ ॥੫॥
ਰੇ ਮਨ ਮੂੜ, ਮਤਾ ਨਹੀ ਕਰ ॥ ਕਹਾ ਭਇਓ, ਅਜਹੂ ਨਹੀ ਡਰ ॥
ਮਾਰੂ ਖੰਡਾ, ਹੋਇ ਦੋ ਧੜ ॥ ਏਕ ਦੋਇ ਤੀਨ ਕਰ ਡਾਰੇ ॥
ਤਬ ਇਹ ਮੂੜ੍ਹ ਕਹਾ ਜਿ ਕਰਿ ॥ ਨਾਨਕ ਸੰਤ ਸੰਗਿ, ਜਪ ਹਰਿ ਹਰਿ ॥
ਨਾਨਕ, ਜੋ ਪ੍ਰਭ ਭਾਵਹਿੰਗੇ ॥ ਹਰਿ ਜੀ ਹਰਿ ਮੰਦਰਿ ਆਵਹਿੰਗੇ ॥੬॥

ਇਕੈ ਤੁ, ਕਲਿ ਕੋ ਖੇਲ ਖਿਲਾਵੈ ॥ ਇਕੈ ਤੌ, ਨਾਰਦ ਡੰਕ ਬਜਾਵੈ ॥
ਇਕੈ ਤੌ, ਸੀਸ ਕਾਟਿ ਬੁਲਾਵੈ ॥ ਇਕੈ ਤੌ, ਜਮੈ ਕਉ ਕਾਟਿ ਦਿਖਾਵੈ ॥
ਤਬੈ ਗੋਬਿੰਦ ਸਿੰਘ ਕਹਾਵੈ,
ਨਾਨਕ ਜੋ ਪ੍ਰਭ ਭਾਵਹਿੰਗੇ ॥ ਹਰਿ ਜੀ, ਹਰਿ ਮੰਦਰਿ ਆਵਹਿੰਗੇ ॥੭॥
ਇਕੈ ਤੌ, ਬੀਰ ਬੈਤਾਲ ਬੁਲਾਵੈ ॥ ਇਕੈ ਤੌ, ਬਿਕ੍ਰਮ ਰਾਜ ਚਲਾਵੈ ॥
ਇਕੈ ਤੌ, ਧਰਤੀ ਹਾਕਿ ਦਿਖਾਵੈ ॥ ਇਕੈ ਤੌ, ਰੁੰਡ ਮੁੰਡ ਲੈ ਗਲਿ ਪਾਵੈ ॥
ਇਕੈ ਤੌ ਫੋੜਿ, ਮੂੰਡ ਦਿਖਾਵੈ ॥ ਤਬੈ ਗੋਬਿੰਦ ਸਿੰਘ ਕਹਾਵਹਿ,
ਨਾਨਕ ਜੋ ਪ੍ਰਭ ਭਾਵਹਿੰਗੇ ॥ ਹਰਿ ਜੀ, ਹਰਿ ਮੰਦਰਿ ਆਵਹਿੰਗੇ ॥੮॥
ਅਨੰਤ, ਕਾਹਨ, ਕ੍ਰਿਸਨ ਜਪਤੇ ॥ ਅਨੰਤ, ਵਾਸਦੇਵ, ਅਨਗ੍ਰਹ ॥
ਅਨੰਤ, ਪਰਸਰਾਮ, ਅਹੰ ਮਹਿ ਜਲਤੇ ॥
ਅਨੰਤ,ਹਰਿ ਜੀ, ਹਰਿ ਹਰਿ, ਬਿਧਿ ਕਹਿਤੇ ॥ ਅਨੰਤ, ਰਾਮ ਅਉਤਾਰੀ ਰਹਿਤੇ ॥
ਦੇਖਨ ਕਉ ਪ੍ਰਭ ਏਕ ਮੁਰਾਰੀ ॥ ਨਾਨਕ ਜਿਸ ਭਾਵੈ, ਤਿਸ ਲਏ ਉਧਾਰੀ ॥
ਨਾਨਕ, ਜੋ ਪ੍ਰਭ ਭਾਵਹਿੰਗੇ ॥ ਹਰਿ ਜੀ, ਹਰਿ ਮੰਦਰਿ ਆਵਹਿੰਗੇ ॥੯॥
ਮੇਰੇ ਬੰਦੇ ਕਉ, ਦੁਖੁ ਨ ਬਿਆਪੈ ॥ ਮੇਰੇ ਬੰਦੇ ਕਉ, ਕਾਲੁ ਨ ਸੰਤਾਪੈ ॥
ਮੇਰੇ ਬੰਦੇ ਕਉ, ਬਿਘਨੁ ਨ ਲਾਗੈ ॥ ਨਾਨਕ ਮੇਰਾ ਬੰਦਾ, ਦਹਦਿਸ ਜਾਪੈ ॥
ਨਾਨਕ ਜੋ ਪ੍ਰਭ ਭਾਵਹਿੰਗੇ ॥ ਹਰਿ ਜੀ, ਹਰਿ ਮੰਦਰ ਆਵਹਿੰਗੇ ॥੧੦॥
ਰੇ ਮਨ, ਅਗਮ ਅਗਮ ਹੈ ਆਗੇ ॥ ਅਪਨੀ ਮਾਇਆ, ਆਪ ਤਿਆਗੇ ॥
ਮੰਧਾ ਦੇਖਿ, ਆਗੇ ਹੀ ਭਾਗੇ ॥ਨਾਨਕ ਸੀਸ ਗੁਰੂ ਕੇ ਆਗੇ, ਨਾਨਕ ਜੋ ਪ੍ਰਭ ਭਾਵਹਿੰਗੇ ॥
ਹਰਿ ਜੀ, ਹਰਿ ਮੰਦਰਿ ਆਵਹਿੰਗੇ ॥੧੧॥

ੴ ਵਾਹਿਗੁਰੂ ਜੀ ਕੀ ਫਤਹ ॥

ਮਾਝ ਸ੍ਰੀ ਮੁਖਵਾਕ ਪਾਤਿਸ਼ਾਹੀ ੧੦ ॥

ਲੱਖੀ ਜੰਗਲ ਖਾਲਸਾ, ਦੀਦਾਰ ਆਇ ਲਗਾ, ਤਬ ਉਚਾਰ ਹੋਇਆ ॥

ਲੱਖੀ ਜੰਗਲ ਖਾਲਸਾ, ਆਇ ਦੀਦਾਰ ਕੀਤੋ ਨੇ ॥
ਸੁਣ ਕੈ ਸੱਦੁ ਮਾਹੀ ਦਾ ਮੇਹੀ, ਪਾਣੀ ਘਾਹੁ ਮੁਤੋ ਨੇ ॥
ਕਿਸੇ ਨਾਲ ਨ ਰਲੀਆ ਕਾਈ, ਕੋਈ ਸ਼ੌਕ ਪਯੋ ਨੇ ॥
ਗਇਆ ਫਿਰਾਕੁ ਮਿਲਿਆ ਮਿਤੁ ਮਾਹੀ, ਤਾਹੀਂ ਸ਼ੁਕਰ ਕੀਤੋਨੇ ॥੧॥

ੴ ਵਾਹਗੁਰੂ ਜੀ ਕੀ ਫਤੇ ਹੈ ॥

ਸ੍ਰੀ ਮੁਖਬਾਕ ਸ੍ਵੈਯਾ ॥ ਪਾਤਸਾਹੀ ੧੦ ॥

ਸੱਤਿ ਸਦੈਵ ਸਰੂਪ ਸਤਬ੍ਰਤ, ਆਦਿ ਅਨਾਦਿ ਅਗਾਧ ਅਜੈ ਹੈ ॥
ਦਾਨ ਦਯਾ ਦਮ ਸੰਜਮ ਨੇਮ, ਜਤਬ੍ਰਤ ਸੀਲ ਸੁਬ੍ਰਿਤ ਅਬੈ ਹੈ ॥
ਆਦਿ ਅਨੀਲ ਅਨਾਦ ਅਨਾਹਦ, ਆਪਿ ਅਦ੍ਵੈਖ ਅਭੇਖ ਅਭੈ ਹੈ ॥
ਰੂਪ ਅਰੂਪ ਅਰੇਖ ਜਰਾਰਦਨ, ਦੀਨ ਦਯਾਲ ਕ੍ਰਿਪਾਲ ਭਏ ਹੈਂ ॥੧॥
ਆਦਿ ਅਦ੍ਵੈਖ ਅਭੇਖ ਮਹਾ ਪ੍ਰਭ, ਸੱਤਿ ਸਰੂਪ ਸੁ ਜੋਤਿ ਪ੍ਰਕਾਸੀ ॥
ਪੂਰ ਰਹਯੋ ਸਭ ਹੀ ਘਟ ਕੈ ਪਟ, ਤੱਤ ਸਮਾਧਿ ਸੁਭਾਵ ਪ੍ਰਨਾਸੀ ॥
ਆਦਿ ਜੁਗਾਦਿ ਜਗਾਦਿ ਤੁਹੀ ਪ੍ਰਭ, ਫੈਲ ਰਹਯੋ ਸਭ ਅੰਤਰਿ ਬਾਸੀ ॥
ਦੀਨ ਦਯਾਲ ਕ੍ਰਿਪਾਲ ਕ੍ਰਿਪਾ ਕਰ, ਆਦਿ ਅਜੋਨ ਅਜੈ ਅਬਨਾਸੀ ॥੨॥
ਆਦਿ ਅਭੇਖ ਅਛੇਦ ਸਦਾ ਪ੍ਰਭ, ਬੇਦ ਕਤੇਬਨਿ ਭੇਦੁ ਨ ਪਾਯੋ ॥
ਦੀਨ ਦਯਾਲ ਕ੍ਰਿਪਾਲ ਕ੍ਰਿਪਾ ਨਿਧ, ਸੱਤਿ ਸਦੈਵ ਸਬੈ ਘਟ ਛਾਯੋ ॥
ਸੇਸ ਸੁਰੇਸ ਗਣੇਸ ਮਹੇਸੁਰ, ਗਾਹਿ ਫਿਰੈਂ ਸ੍ਰੁਤਿ ਥਾਹ ਨ ਆਯੋ ॥
ਰੇ ਮਨ ਮੂੜ ਅਗੂੜ ਇਸੋ ਪ੍ਰਭ, ਤੈਂ ਕਿਹਿ ਕਾਜਿ ਕਹੋ ਬਿਸਰਾਯੋ ॥੩॥
ਅੱਚੁਤ ਆਦਿ ਅਨੀਲ ਅਨਾਹਦ, ਸੱਤ ਸਰੂਪ ਸਦੈਵ ਬਖਾਨੇ ॥
ਆਦਿ ਅਜੋਨਿ ਅਜਾਇ ਜਰਾ ਬਿਨੁ, ਪਰਮ ਪੁਨੀਤ ਪਰੰਪਰ ਮਾਨੇ ॥
ਸਿੱਧ ਸ੍ਵਯੰਭੂ ਪ੍ਰਸਿੱਧ ਸਬੈ ਜਗ, ਏਕ ਹੀ, ਠੌਰ ਅਨੇਕ ਬਖਾਨੇ ॥
ਰੇ ਮਨ ਰੰਕ ਕਲੰਕ ਬਿਨਾ ਹਰਿ, ਤੈਂ ਕਿਹਿ ਕਾਰਣ ਤੇ ਨ ਪਹਿਚਾਨੇ ॥੪॥
ਅੱਛਰ ਆਦਿ ਅਨੀਲ ਅਨਾਹਦ, ਸੱਤ ਸਦੈਵ ਤੁਹੀ ਕਰਤਾਰਾ ॥
ਜੀਵ ਜਿਤੇ ਜਲ ਮੈ ਥਲ ਮੈ, ਸਬ ਕੈ ਸਦ ਪੇਟ ਕੌ ਪੋਖਨਹਾਰਾ ॥
ਬੇਦ ਪੁਰਾਨ ਕੁਰਾਨ ਦੁਹੂ ਮਿਲਿ, ਭਾਂਤਿ ਅਨੇਕ ਬਿਚਾਰ ਬਿਚਾਰਾ ॥
ਔਰ ਜਹਾਂਨ ਨਿਦਾਨ ਕਛੂ ਨਹਿ, ਏ ਸੁਬਹਾਨ ਤੁਹੀ ਸਿਰਦਾਰਾ ॥੫॥
ਆਦਿ ਅਗਾਧਿ ਅਛੇਦ ਅਭੇਦ, ਅਲੇਖ ਅਜੇਅ ਅਨਾਹਦ ਜਾਨਾ ॥
ਭੂਤ ਭਵਿੱਖ ਭਵਾਨ ਤੁਹੀ, ਸਬ ਹੂੰ ਸਬ ਠੌਰਨ ਮੋ ਮਨੁਮਾਨਾ ॥
ਦੇਵ ਅਦੇਵ ਮਣੀਧਰ ਨਾਰਦ ਸਾਰਦ, ਸੱਤਿ ਸਦੈਵ ਪਛਾਨਾ ॥
ਦੀਨ ਦਯਾਲ ਕ੍ਰਿਪਾ ਨਿਧਿ ਕੋ, ਕਛੁ ਭੇਦ ਪੁਰਾਨ ਕੁਰਾਨ ਨ ਜਾਨਾ ॥੬॥

ਸੱਤਿ ਸਦੈਵ ਸਰੂਪ ਸਤੱਬ੍ਰਿਤ, ਬੇਦ ਕਤੇਬ ਤੁਹੀ ਉਪਜਾਯੋ ॥
ਦੇਵ ਅਦੇਵਨ ਦੇਵ ਮਹੀਧਰ, ਭੂਤ ਭਵਾਨ ਵਹੀ ਠਹਰਾਯੋ ॥
ਆਦਿ ਜੁਗਾਦਿ ਅਨੀਲ ਅਨਾਹਦ, ਲੋਕ ਅਲੋਕ ਬਿਲੋਕ ਨ ਪਾਯੋ ॥
ਰੇ ਮਨ ਮੂੜ ਅਗੂੜਿ ਇਸੋ ਪ੍ਰਭ, ਤੋਹਿ ਕਹੋ ਕਿਹਿ ਆਨ ਸੁਨਾਯੋ ॥੭॥
ਦੇਵ ਅਦੇਵ ਮਹੀਧਰ ਨਾਗਨ, ਸਿੱਧ ਪ੍ਰਸਿੱਧ ਬਡੋ ਤਪੁ ਕੀਨੋ ॥
ਬੇਦ ਪੁਰਾਨ ਕੁਰਾਨ ਸਬੈ, ਗੁਨ ਗਾਇ ਥੱਕੇ ਪੈ ਤੋ ਜਾਇ ਨ ਚੀਨੋ ॥
ਭੂਮ ਅਕਾਸ ਪਤਾਰ ਦਿਸਾ ਬਿਦਿਸਾ, ਜਿਹਿ ਸੋ ਸਬ ਕੇ ਚਿਤ ਚੀਨੋ ॥
ਪੂਰ ਰਹੀ ਮਹਿਮੋਂ ਮਹਿਮਾ, ਮਨ ਮੈ, ਤਿਹਿ ਆਨ ਮੁਝੈ ਕਹਿ ਦੀਨੋ ॥੮॥
ਬੇਦ ਕਤੇਬ ਨ ਭੇਦ ਲਹਯੋ ਤਿੰਹਿ, ਸਿੱਧ ਸਮਾਧਿ ਸਬੈ ਕਰਿ ਹਾਰੇ ॥
ਸਿੰਮ੍ਰਿਤ ਸਾਸਤ੍ਰ ਬੇਦ ਸਬੈ, ਬਹੁ ਭਾਂਤਿ ਪੁਰਾਨ ਬੀਚਾਰ ਬੀਚਾਰੇ ॥
ਆਦਿ ਅਨਾਦਿ ਅਗਾਧਿ ਕਥਾ, ਧ੍ਰੂਅ ਸੇ ਪ੍ਰਹਿਲਾਦਿ ਅਜਾਮਲ ਤਾਰੇ ॥
ਨਾਮੁ ਉਚਾਰ ਤਰੀ ਗਨਿਕਾ, ਸੋਈ ਨਾਮੁ ਅਧਾਰ ਬੀਚਾਰ ਹਮਾਰੇ ॥੯॥
ਆਦਿ ਅਨਾਦਿ ਅਗਾਧਿ ਸਦਾ ਪ੍ਰਭ, ਸਿੱਧ ਸ੍ਵਰੂਪ ਸਬੋਂ ਪਹਿਚਾਨਯੋ ॥
ਗੰਧ੍ਰਬ ਜੱਛ ਮਹੀਧਰ ਨਾਗਨ, ਭੂਮ ਅਕਾਸ ਚਹੂੰ ਚਕ ਜਾਨਯੋ ॥
ਲੋਕ ਅਲੋਕ ਦਿਸਾ ਬਿਦਿਸਾ, ਅਰੁ ਦੇਵ ਅਦੇਵ ਦੁਹੂੰ ਪ੍ਰਭ ਮਾਨਯੋ ॥
ਚਿੱਤ ਅਗਯਾਨ ਸੁਜਾਨ ਸੁਯੰਭਵ, ਕੌਨ ਕੀ ਕਾਨਿ ਨਿਦਾਨ ਭੁਲਾਨਯੋ ॥੧੦॥
ਕਾਹੂੰ ਲੈ ਠੋਕ ਬਧੇ ਉਰ ਠਾਕੁਰ, ਕਾਹੂੰ ਮਹੇਸ ਕੌ ਏਸ ਬਖਾਨਯੋ ॥
ਕਾਹੂੰ ਕਹਿਯੋ ਹਰਿ ਮੰਦਰ ਮੈ ਹਰਿ, ਕਾਹੂ ਮਸੀਤ ਕੈ ਬੀਚ ਪ੍ਰਮਾਨਯੋ ॥
ਕਾਹੂੰ ਨੇ ਰਾਮ ਕਹਯੋ ਕ੍ਰਿਸਨਾ ਕਹੁ, ਕਾਹੂੰ ਮਨੈ ਅਵਤਾਰਨ ਮਾਨਯੋ ॥
ਫੋਕਟ ਧਰਮ ਬਿਸਾਰ ਸਬੈ, ਕਰਤਾਰ ਹੀ ਕਉ, ਕਰਤਾ ਜੀਅ ਜਾਨਯੋ ॥੧੧॥
ਜੌ ਕਹੋ ਰਾਮ ਅਜੋਨਿ ਅਜੈ ਅਤਿ, ਕਾਹੇ ਕੌ ਕੌਸਲ ਕੁੱਖ ਜਯੋ ਜੂ ॥
ਕਾਲ ਹੂ ਕਾਨ੍ਹ ਕਹੈ ਜਿੰਹਿ ਕੌ, ਕਿਹਿ ਕਾਰਣ ਕਾਲ ਤੇ ਦੀਨ ਭਯੋ ਜੂ ॥
ਸੰਤ ਸਰੂਪ ਬਿਬੈਰ ਕਹਾਇ, ਸੁ ਕਿਯੋਂ ਪਥ ਕੋ ਰਥੁ ਹਾਂਕ ਧਯੋ ਜੂ ॥
ਤਾਹੀ ਕੋ ਮਾਨਿ ਪ੍ਰਭੂ ਕਰਿ ਕੈ, ਜਿਹ ਕੋ ਕੋਊ ਭੇਦੁ ਨ ਲੇ ਨ ਲਯੋ ਜੂ ॥੧੨॥
ਕਿਯੋਂ ਕਹੁ ਕ੍ਰਿਸਨ ਕ੍ਰਿਪਾ ਨਿਧ ਹੈ, ਕਿਹ ਕਾਜ ਤੇ ਬੱਧਕ ਬਾਣੁ ਲਗਾਯੋ ॥
ਅਉਰ ਕੁਲੀਨ ਉਧਾਰਤ ਜੋ, ਕਿਹ ਤੇ ਅਪਨੋ ਕੁਲ ਨਾਸੁ ਕਰਾਯੋ ॥
ਆਦਿ ਅਜੋਨਿ ਕਹਾਇ ਕਹੋ, ਕਿਮ ਦੇਵਕਿ ਕੇ ਜਠਰੰਤਰ ਆਯੋ ॥

ਤਾਤ ਨ ਮਾਤ ਕਹੈਂ ਜਿਹ ਕੋ, ਤਿਹ ਕਿਯੋਂ ਬਸੁਦੇਵਹਿ ਬਾਪੁ ਕਹਾਯੋ ॥੧੩॥
ਕਾਹੇ ਕੌ ਏਸ ਮਹੇਸਹਿ ਭਾਖਤ, ਕਾਹਿ ਦਿਜੇਸ ਕੋ ਏਸ ਬਖਾਨਯੋ ॥
ਹੈ ਨ ਰਘ੍ਵੇਸ ਜਦ੍ਵੇਸ ਰਮਾਪਤਿ, ਤੈਂ ਜਿਨ ਕੌ ਬਿਸ੍ਵਨਾਥ ਪਛਾਨਯੋ ॥
ਏਕ ਕੌ ਛਾਡਿ ਅਨੇਕ ਭਜੈਂ, ਸੁਕਦੇਵ ਪਰਾਸਰ ਬਯਾਸ ਝੁਠਾਨਯੋ ॥
ਫੋਕਟ ਧਰਮ ਸਜੇ ਸਬਹੀ, ਹਮ ਏਕ ਹੀ ਕੌ ਬਿਧ ਨੈਕ ਪ੍ਰਮਾਨਯੋ ॥੧੪॥
ਕੋਊ ਦਿਜੇਸ ਕੌ ਮਾਨਤ ਹੈ, ਅਰੁ ਕੋਊ ਮਹੇਸ ਕੌ ਏਸ ਬਤੈ ਹੈ ॥
ਕੋਊ ਕਹੈ ਬਿਸਨੋ ਬਿਸਨਾਇਕ, ਜਾਹਿ ਭਜੇ ਅਘ ਓਘ ਕਟੈ ਹੈ ॥
ਬਾਰ ਹਜਾਰ ਬਿਚਾਰ ਅਰੇ ਜੜ, ਅੰਤ ਸਮੈ ਸਬਹੀ ਤਜਿ ਜੈ ਹੈਂ ॥
ਤਾਂਹੀ ਕੋ ਧਿਆਨ ਪ੍ਰਮਾਨਿ ਹੀਏ, ਜੋ ਥੇ ਅਬ ਹੈ ਅਰੁ ਆਗੈ ਊ ਹ੍ਵੈ ਹੈ ॥੧੫॥
ਕੋਟਕ ਇੰਦ੍ਰ ਕਰੇ ਜਿੰਹ ਕੇ, ਕਈ ਕੋਟਿ ਉਪਿੰਦ੍ਰ ਬਨਾਇ ਖਪਾਯੋ ॥
ਦਾਨਵ ਦੇਵ ਫਨਿੰਦ੍ਰ ਧਰਾਧਰ, ਪੱਛ ਪਸੂ ਨਹਿ ਜਾਤਿ ਗਨਾਯੋ ॥
ਆਜ ਲਗੇ ਤਪੁ ਸਾਧਤ ਹੈਂ, ਸਿਵਊ ਬ੍ਰਹਮਾ ਕਛੁ ਪਾਰ ਨ ਪਾਯੋ ॥
ਬੇਦ ਕਤੇਬ ਨ ਭੇਦ ਲਖਯੋ ਜਿੰਹ, ਸੋਊ ਗੁਰੂ ਗੁਰ ਮੋਹਿ ਬਤਾਯੋ ॥੧੬॥
ਧਯਾਨ ਲਗਾਇ ਠਗਿਓ ਸਬ ਲੋਗਨ, ਸੀਸ ਜਟਾਂ ਨਖ ਹਾਥ ਬਢਾਏ ॥
ਲਾਇ ਬਿਭੂਤ ਫਿਰਯੋ ਮੁਖ ਊਪਰਿ, ਦੇਵ ਅਦੇਵ ਸਬੈ ਡਹਕਾਏ ॥
ਲੋਭ ਕੇ ਲਾਗੈ ਫਿਰਯੋ ਘਰ ਹੀ ਘਰ, ਜੋਗ ਕੇ ਨਯਾਸ ਸਬੈ ਬਿਸਰਾਏ ॥
ਲਾਜ ਗਈ ਕਛੁ ਕਾਜੁ ਸਰਯੋ ਨਹਿ, ਪ੍ਰੇਮ ਬਿਨਾ ਪ੍ਰਭ ਪਾਨ ਨ ਆਏ ॥੧੭॥
ਕਾਹੇ ਕਉ ਡਿੰਭ ਕਰੈ ਮਨ ਮੂਰਖ, ਡਿੰਭ ਕਰੈ ਅਪਨੀ ਪਤਿ ਖ੍ਵੈ ਹ ॥
ਕਾਹੇ ਕਉ ਲੋਗ ਠਗੇ ਠਗ ਲੋਗਨਿ, ਲੋਗ ਗਯੋ ਪਰਲੋਗ ਗਵੈ ਹੈ ॥
ਦੀਨ ਦਯਾਲ ਕੀ ਠੌਰ ਜਹਾ, ਤਿੰਹਿ ਠੌਰ ਬਿਖੈ ਤੁਹਿ ਠੌਰ ਨ ਐ ਹੈ ॥
ਚੇਤ ਰੇ ਚੇਤ ਅਚੇਤ ਮਹਾਂ ਜੜ, ਭੇਖ ਕੇ ਕੀਨੇ ਅਲੇਖ ਨ ਪੈ ਹੈਂ ॥੧੮॥
ਕਾਹੇ ਕਉ ਪੂਜਤ ਪਾਹਨ ਕਉ, ਕਛੁ ਪਾਹਨ ਮੈ ਪਰਮੇਸਰ ਨਾਹੀ ॥
ਤਾਹੀ ਕੋ ਪੂਜ ਪ੍ਰਭੂ ਕਰਿ ਕੈ, ਜਿੰਹ ਪੂਜਤ ਹੀ ਅਘ ਓਘ ਮਿਟਾਹੀ ॥
ਆਧਿ ਬਿਆਧਿ ਕੇ ਬੰਧਨ ਜੇਤਕ, ਨਾਮ ਕੇ ਲੇਤ ਸਬੈ ਛੁਟਿ ਜਾਹੀ ॥
ਤਾਹੀ ਕੋ ਧਯਾਨੁ ਪ੍ਰਮਾਨ ਸਦਾ, ਇਨ ਫੋਕਟ ਧਰਮ ਕਰੇ ਫਲੁ ਨਾਹੀ ॥੧੯॥
ਫੋਕਟ ਧਰਮ ਭਯੋ ਫਲ ਹੀਨ, ਜੁ ਪੂਜ ਸਿਲਾ ਜੁਗਿ ਕੋਟ ਗਵਾਈ ॥
ਸਿੱਧ ਕਹਾ ਸਿਲ ਕੇ ਪਰਸੇ, ਬਲ ਬ੍ਰਿੱਧ ਘਟੀ ਨਵ ਨਿੱਧ ਨ ਪਾਈ ॥

ਆਜੁ ਹੀ ਆਜੁ ਸਮੋ ਜੁ ਬਿਤਿਯੋ, ਨਹਿ ਕਾਜਿ ਸਰਿਯੋ ਕਛੁ ਲਾਜਿ ਨ ਆਈ ॥
ਸ੍ਰੀ ਭਗਵੰਤ ਭਜਯੋ ਨ ਅਰੇ ਜੜ, ਐਸੇ ਹੀ ਐਸ ਸੁ ਬੈਸ ਗਵਾਈ ॥੨੦॥
ਜੌ ਜੁਗ ਤੈਂ ਕਰ ਹੈਂ ਤਪੱਸਾ, ਕਛੁ ਤੋਹਿ ਪ੍ਰਸੰਨੁ ਨ ਪਾਹਨ ਕੈ ਹੈ ॥
ਹਾਥਿ ਉਠਾਇ ਭਲੀ ਬਿਧਿ ਸੋ ਜੜ, ਤੋਹਿ ਕਛੂ ਬਰਦਾਨੁ ਨ ਦੈ ਹੈਂ ॥
ਕਉਨ ਭਰੋਸ ਭਯਾ ਇਹ ਕੋ, ਕਹੁ ਭੀਰ ਪਰੀ ਨਹਿ ਆਨਿ ਬਚੈ ਹੈਂ ॥
ਜਾਨੁ ਰੇ ਜਾਨੁ ਅਜਾਨ ਹਠੀ, ਇਹ ਫੋਕਟ ਧਰਮ ਸੁ ਭਰਮ ਗਵੈ ਹੈਂ ॥੨੧॥
ਜਾਲ ਬਧੇ ਸਬਹੀ ਮ੍ਰਿਤ ਕੇ, ਕੋਊ ਰਾਮ ਰਸੂਲ ਨ ਬਾਚਨ ਪਾਏ ॥
ਦਾਨਵ ਦੇਵ ਫਨਿੰਦ ਧਰਾਧਰ, ਭੂਤ ਭਵਿੱਖ ਉਪਾਇ ਮਿਟਾਏ ॥
ਅੰਤ ਮਰੈ ਪਛੁਤਾਇ ਪ੍ਰਿਥੀ ਪਰਿ, ਜੇ ਜਗ ਮੈ ਅਵਤਾਰ ਕਹਾਏ ॥
ਰੇ ਮਨ ਲੈਲ ਇਕੇਲ ਹੀ ਕਾਲ ਕੇ, ਲਾਗਤ ਕਾਹਿ ਨ ਪਾਂਇਨ ਧਾਏ ॥੨੨॥
ਕਾਲ ਹੀ ਪਾਇ ਭਇਓ ਬ੍ਰਹਮਾ, ਗਹਿ ਦੰਡ ਕਮੰਡਲ ਭੂਮ ਭ੍ਰਮਾਨਯੋ ॥
ਕਾਲ ਹੀ ਪਾਇ ਸਦਾ ਸਿਵਜੂ, ਸਬ ਦੇਸ ਬਿਦੇਸ ਭਇਆ ਹਮ ਜਾਨਯੋ ॥
ਕਾਲ ਹੀ ਪਾਇ ਭਯੋ ਮਿਟ ਗਯੋ ਜਗ, ਯਾਂਹੀ ਤੇ ਤਾਹਿ ਸਬੋ ਪਹਿਚਾਨਯੋ ॥
ਬੇਦ ਕਤੇਬ ਕੇ ਭੇਦ ਸਬੈ ਤਜਿ, ਕੇਵਲ ਕਾਲ ਕ੍ਰਿਪਾਨਿਧ ਮਾਨਯੋ ॥੨੩॥
ਕਾਲ ਗਯੋ ਇਨ ਕਾਮਨ ਸਿਉ ਜੜ, ਕਾਲ ਕ੍ਰਿਪਾਲ ਹੀਐ ਨ ਚਿਤਾਰਯੋ ॥
ਲਾਜ ਕੋ ਛਾਡਿ ਨ੍ਰਿਲਾਜ ਅਰੇ, ਤਜਿ ਕਾਜਿ ਅਕਾਜ ਕੇ ਕਾਜ ਸਵਾਰਯੋ ॥
ਬਾਜ ਬਨੇ ਗਜ ਰਾਜ ਬਡੇ, ਖਰ ਕੋ ਚੜਿਬੋ ਚਿਤ ਬੀਚ ਬਿਚਾਰਯੋ ॥
ਸ੍ਰੀ ਭਗਵੰਤ ਭਜਯੋ ਨ ਅਰੇ ਜੜ, ਲਾਜ ਹੀ ਲਾਜ ਤੈਂ ਕਾਜੁ ਬਿਗਾਰਯੋ ॥੨੪॥
ਬੇਦ ਕਤੇਬ ਪੜੇ ਬਹੁਤੇ ਦਿਨ, ਭੇਦ ਕਛੂ ਤਿਨ ਕੋ ਨਹਿ ਪਾਯੋ ॥
ਪੂਜਤ ਠੌਰ ਅਨੇਕ ਫਿਰਯੋ, ਪਰ ਏਕ ਕਬੈ ਹੀਯ ਮੈ ਨ ਬਸਾਯੋ ॥
ਪਾਹਨ ਕੌ ਅਸਥਾਲਯ ਕੋ, ਸਿਰ ਨਿਯਾਇ ਫਿਰਯੋ ਕਛੁ ਹਾਥ ਨ ਆਯੋ ॥
ਰੇ ਮਨ ਮੂੜ, ਅਗੂੜ ਪ੍ਰਭੂ ਤਜਿ, ਆਪਨ ਹੂੜ, ਕਹਾਂ ਉਰਝਾਯੋ ॥੨੫॥
ਜੋ ਜੁਗਿਯਾਨ ਕੇ ਜਾਇ ਉਠਿ ਆਸ੍ਰਮ, ਗੋਰਖ ਕੋ ਤਿ ਹਿ ਜਾਪੁ ਜਪਾਵੈਂ ॥
ਜਾਇ ਸੰਨਯਾਸਨ ਕੇ ਤਿੰਹ ਕੌ, ਕਹ ਦੱਤ ਹੀ ਸੱਤ ਹੈ ਮੰਤ੍ਰ ਦ੍ਰਿੜਾਵੈਂ ॥
ਜੋ ਕੋਊ ਜਾਇ ਤੁਰੱਕਨ ਮੈ, ਮਹਿ ਦੀਨ ਕੇ ਦੀਨ ਤਿਸੈ ਗਹਿ ਲਯਾਵੈਂ ॥
ਆਪਹਿ ਬੀਚ ਗਨੈ ਕਰਤਾ, ਕਰਤਾਰ ਕੋ ਭੇਦੁ ਨ ਕੋਊ ਬਤਾਵੈਂ ॥੨੬॥
ਜੋ ਜੁਗੀਆਨ ਕੇ ਜਾਂਇ, ਕਹੈਂ ਸਬ ਜੋਗਨ ਕੋ, ਗ੍ਰਹ ਮਾਲ ਉਠ ਦੈ ॥

ਜੋ ਪਰੋ ਭਾਜਿ ਸੰਨਯਾਸਨ ਦੈ, ਕਹੈਂ ਦੱਤ ਕੇ ਨਾਮ ਪੈ, ਧਾਮ ਲੁਟੈ ਦੈ ॥
ਜੌ ਕਰਿ ਕੋਊ ਮਸੰਦਨ ਸੌਂ, ਕਹੈਂ ਸਰਬ ਦਰਬ ਲੈ ਮੋਹਿ ਅਬੈ ਦੈ ॥
ਲੇਉ ਹੀ ਲੇਉ ਕਹੈਂ ਸਬ ਕੋ ਨਰ, ਕੋਊ ਨ ਬ੍ਰਹਮ ਬਤਾਇ ਹਮੈ ਦੈ ॥੨੭॥
ਜੋ ਕਰਿ ਸੇਵ ਮਸੰਦਨ ਕੀ, ਕਹੈ ਆਨਿ ਪ੍ਰਸਾਦਿ, ਸਬੈ ਮੋਹਿ ਦੀਜੈ ॥
ਜੋ ਕਛ ਮਾਲ ਤਵਾਲਯ ਸੋ, ਅਬ ਹੀ ਉਠਿ ਭੇਟ ਹਮਾਰੀ ਹੀ ਕੀਜੈ ॥
ਮੇਰੋ ਈ ਧਯਾਨ ਧਰੋ ਨਿਸ ਬਾਸੁਰ, ਭੂਲ ਕੈ ਅਉਰ ਕੋ ਨਾਮੁ ਨ ਲੀਜੈ ॥
ਦੀਨੇ ਕੋ ਨਾਮੁ ਸੁਨੇ ਭਜਿ ਰਾਤਹਿ, ਲੀਨੇ ਬਿਨਾ ਨਹਿ ਨੈਕੁ ਪ੍ਰਸੀਜੈ ॥੨੮॥
ਆਂਖਨ ਭੀਤਰਿ ਤੇਲ ਕੌ ਡਾਰ, ਸੁ ਲੋਗਨ ਨੀਰੁ ਬਹਾਇ ਦਿਖਾਵੈਂ ॥
ਜੋ ਧਨਵਾਨੁ ਲਖੈਂ ਨਿਜ ਸੇਵਕ, ਤਾਹੀ ਪਰੋਸਿ ਪ੍ਰਸਾਦਿ ਜਿਮਾਵੈ ॥
ਜੋ ਧਨ ਹੀਨ ਲਖੈਂ ਤਿਹੱ ਦੇਤ ਨ, ਮਾਂਗਨ ਜਾਤ ਮੁਖੋ ਨ ਦਿਖਾਵੈਂ ॥
ਲੂਟਤ ਹੈਂ ਪਸੁ ਲੋਗਨ ਕੋ, ਕਬਹੂੰ ਨ ਪ੍ਰਮੇਸਰ ਕੇ ਗੁਨ ਗਾਵੈਂ ॥੨੯॥
ਆਂਖਨ ਮੀਚ ਰਹੈਂ ਬਕ ਕੀ ਜਿਮ, ਲੋਗਨ ਏਕ ਪ੍ਰਪੰਚ ਦਿਖਾਯੋ ॥
ਨਿਆਤ ਫਿਰਯੋ ਸਿਰੁ ਬੱਧਕ ਜਯੋਂ, ਅਸ ਧਿਆਨ ਬਿਲੋਕ ਬਿੜਾਲ ਲੱਜਾਯੋ ॥
ਲਾਗਿ ਫਿਰਯੋ ਧਨ ਆਸ ਜਿਤੈ ਤਿਤ, ਲੋਗ ਗਯੋ ਪਰਲੋਗ ਗਵਾਯੋ ॥
ਸ੍ਰੀ ਭਗਵੰਤ ਭਜਯੋ ਨ ਅਰੇ ਜੜ, ਧਾਮ ਕੇ ਕਾਮ ਕਹਾ ਉਰਝਾਯੋ ॥੩੦॥
ਫੋਕਟ ਕਰਮ ਦ੍ਰਿੜਾਤ ਕਹਾ, ਇਨ ਲੋਗਨ ਕੌ ਕੋਈ ਕਾਮ ਨ ਐ ਹੈ ॥
ਭਾਜਤ ਕਾ ਧਨ ਹੇਤ ਅਰੇ, ਜਮ ਕਿੰਕਰ ਤੇ ਨਹ ਭਾਜਨ ਪੈ ਹੈਂ ॥
ਪੁੱਤ੍ਰ ਕਲਿਤ੍ਰ ਨ ਮਿਤ੍ਰ ਸਬੈ, ਊਹਾ ਸਿੱਖ ਸਖਾ ਕੋਊ ਸਾਖ ਨ ਦੈ ਹੈਂ ॥
ਚੇਤ ਰੇ ਚੇਤ ਅਚੇਤ ਮਹਾ ਪਸੁ, ਅੰਤ ਕੀ ਬਾਰ ਅਕੇਲੋਈ ਜੈ ਹੈਂ ॥੩੧॥
ਤੋ ਤਨ ਤਯਾਗਤ ਹੀ ਸੁਨ ਰੇ ਜੜ, ਪ੍ਰੇਤ ਬਖਾਨ ਤ੍ਰਿਆ ਭਜਿ ਜੈ ਹੈਂ ॥
ਪੁਤ੍ਰ ਕਲਤ੍ਰ ਸੁਮਿਤ੍ਰ ਸਖਾ, ਇਹ ਬੇਗ ਨਿਕਾਰਹੁ ਆਇਸੁ ਦੈ ਹੈਂ ॥
ਭਉਨ ਭੰਡਾਰ ਧਰਾ ਗੜ ਜੇਤਕ, ਛਾਡਤ ਪ੍ਰਾਨ ਬਿਗਾਨ ਕਹੈ ਹੈਂ ॥
ਚੇਤ ਰੇ ਚੇਤ ਅਚੇਤ ਮਹਾ ਪਸੁ, ਅੰਤ ਕੀ ਬਾਰ ਅਕੇਲੋਈ ਜੈ ਹੈ ॥੩੨॥

ਸਵੈਯਾ ॥
ਜਿਸ ਕੇ ਗੁਰ ਮਸਤਕਿ ਹੱਥ ਧਰਿਓ, ਉਹ ਜਾਨਤ ਹੈ ਸਭ ਕੇ ਘਟ ਕੀ ॥

ਅੰਤਰਿ ਗਿਆਨੁ ਪ੍ਰਗਾਸ ਭਯੋ ਹੈ, ਆਸਾ ਮਨਸਾ ਸਭ ਛਟਕੀ ॥
ਆਤਮ ਚੀਨਿ ਪਰਾਤਮ ਚੀਨਯੋ, ਫੋਰਿ ਦਈ ਭ੍ਰਮ ਕੀ ਮਟਕੀ ॥
ਦੂਖ ਸੂਖ ਸਭ ਤਯਾਗ ਦਯੋ ਹੈ, ਰਾਮ ਰਸਾਯਨ ਸੇਂ ਅਟਕੀ ॥

ਭਗਉਤੀ ਅਸਤ੍ਰੋਤ ॥

ੴ ਵਾਹਿਗੁਰੂ ਜੀ ਕੀ ਫਤਹਿ ਹੈਂ ॥

ਸ੍ਰੀ ਭਗਉਤੀ ਜੀ ਸਹਾਇ ॥ ਪਾਤਿਸ਼ਾਹੀ ੧੦॥

ਨਮੋ ਸ੍ਰੀ ਭਗਉਤੀ, ਬਢੈਲੀ ਸਰੋਹੀ ॥ ਕਰੇਂ ਏਕ ਤੇ ਦ੍ਵੈ, ਸੁਭਟ ਹਾਥ ਸੋਹੀ ॥
ਨਮੋ ਲੋਹ ਕੀ ਪੱਤ੍ਰਕਾ, ਝੱਲ ਝਲੰਤੀ ॥ ਨਮੋ ਜੀਭ ਜਾਵਲਾ ਮੁਖੀ, ਜਿਉ ਬਲੰਤੀ ॥
ਮਹਾਂ ਪਾਨ ਕੀ, ਬਾਨ ਗੰਗਾ ਤਰੰਗੀ ॥ ਭਿਰੇ ਸਾਮੁਹੇ, ਮੋਖ ਦਾਤੀ ਅਭੰਗੀ ॥
ਨਮੋ ਤੇਗ ਤਲਵਾਰ, ਸ੍ਰੀ ਖੱਗ ਖੰਡਾ ॥ ਮਹਾਂ ਰੁਦ੍ਰ ਰੂਪਾ, ਬਿਰੂਪਾ ਪ੍ਰਚੰਡਾ ॥
ਮਹਾਂ ਤੇਜ ਖੰਡਾ, ਦੁਖੰਡਾ ਦੁਧਾਰਾ ॥ ਮਹਾਂ ਸਤ੍ਰ ਬਨ ਕੋ, ਮਹਾਂ ਭੀਮ ਆਰਾ ॥
ਮਹਾਂ ਕਾਲਕਾ, ਕਾਲ ਕੋ ਕਾਲ ਹੰਤੀ ॥ ਮਹਾਂ ਅਸਤ੍ਰ ਤੂੰ ਹੀ, ਤੂੰ ਹੀ ਸ਼ਤ੍ਰ ਹੰਤੀ ॥
ਮਹਾਂ ਕਾਲ ਕੀ ਲਾਟ, ਵਿਕਰਾਲ ਭੀਮੰ ॥ ਬਹੀ ਤੱਛ ਮੁੱਛੰ, ਕਰੈ ਸ਼ਤ੍ਰ ਕੀਮੰ ॥
ਮਹਾਂ ਤੇਜ ਕੀ ਤੇਜਤਾ, ਤੇਜਵੰਤੀ ॥ ਪਰਜਾ ਖੰਡਨੀ ਚੰਡਨੀ, ਸ਼ਤ੍ਰ ਹੰਤੀ ॥
ਮਹਾਂ ਬੀਰ ਬਿੱਦਯਾ, ਮਹਾਂ ਭੀਮ ਰੂਪੰ ॥ ਮਹਾਂ ਭੀਰ ਮੈ ਧੀਰ, ਦਾਤੀ ਸਰੂਪੰ ॥
ਤੂੰ ਹੀ ਸੈਫ ਪੱਟਾ, ਮਹਾਂ ਕਾਟ ਕਾਤੀ ॥ ਅਨੁਗ ਅਪਣੇ ਕੋ, ਮਹਾਂ ਦਾਨ ਦਾਤੀ ॥
ਜਉ ਮਯਾਨ ਤੇ, ਬੀਰ ਤੋਂ ਕੋ ਸੜੱਕੈ ॥ ਪਰਲੈ ਕਾਲ ਕੇ, ਸਿੰਧ ਬੱਕੇ ਕੜੱਕੈ ॥
ਧਸੈ ਖੇਤ ਮੇਂ, ਹਾਬ ਲੈ ਤੋਹਿ ਸੂਰੇ ॥ ਭਿਰੇ ਸਾਮੁਹੇ, ਸਿੱਧ ਸਾਵੰਤ ਪੂਰੇ ॥
ਸਮਰ ਸਾਮੁਹੇ, ਸੀਸ ਤੋ ਪਾਹਿੰ ਚੜ੍ਹਾਵੈ ॥ ਮਹਾਂ ਭੂਪ ਹ੍ਵੈ, ਅਉਤਰੈ, ਰਾਜ ਪਾਵੈ ॥
ਮਹਾਂ ਭਾਵ ਸੋਂ, ਜੋ ਕਰੈ ਤੋਰ ਪੂਜੰ ॥ ਸਮਰ ਜੀਤ ਕੈ ਸੂਰ ਹ੍ਵੈ ਹੈ ਅਦੂਜੰ ॥
ਤੁਜੇ ਪੂਜ ਹੈਂ, ਬੀਰ ਬਾਨੈਤ ਛੱਤ੍ਰੀ ॥ ਮਹਾਂ ਖੜਗਧਾਰੀ, ਮਹਾਂ ਤੇਜ ਅੱਤ੍ਰੀ ॥
ਪੜ੍ਹੈ ਪ੍ਰੀਤ ਸੋਂ, ਪ੍ਰਾਤ ਅਸਤ੍ਰੋਤ ਯਾਂ ਕੋ ॥ ਕਰੈ ਰੁਦ੍ਰ ਕਾਲੀ, ਨਮਸ਼ਕਾਰ ਤਾਂ ਕੋ ॥
ਰੁਦ੍ਰ ਮੰਜਨੀ ਬਿੰਜਨੀ, ਹੈ ਸਗੌਤੀ ॥ ਸਦਾ ਜੈ, ਸਦਾ ਜੈ, ਸਦਾ ਜੈ, ਭਗਉਤੀ ॥
ਸਦਾ ਦਾਹਨੈ, ਦਾਸ ਕੋ, ਦਾਨ ਦੀਜੈ ॥ ਗੁਰੂ ਸ਼ਾਹ ਗੋਬਿੰਦ ਕੀ, ਰੱਖ ਕੀਜੈ ॥

ਸ੍ਵੈਯਾ ॥ ਜਾਗਤਿ ਜੋਤਿ ਜਪੈ ਨਿਸਿ ਬਾਸੁਰ, ਏਕੁ ਬਿਨਾ ਮਨਿ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤਿ ਸਜੈ, ਬ੍ਰਤ ਗੋਰ ਮੜ੍ਹੀ ਮਠ ਭੂਲ ਨ ਮਾਨੈ ॥
ਤੀਰਥ ਦਾਨ ਦਯਾ ਤਪ ਸੰਜਮ, ਏਕੁ ਬਿਨਾਂ ਨਹਿ ਏਕ ਪਛਾਨੈ ॥
ਪੂਰਨ ਜੋਤਿ ਜਗੈ ਘਟ ਮੈਂ, ਤਬ ਖਾਲਿਸ ਤਾਹਿੰ ਖਾਲਿਸ ਜਾਨੈ ॥

ਰਾਗ ਆਸਾ ਪਾਤਿਸ਼ਾਹੀ ੧੦ ॥

ਆਜ ਹਮਾਰੇ ਸੰਤ ਕਾਜ ਹੈ, ਸਸਤ੍ਰ ਬਾਂਧ ਦਰਿ ਆਵਹੁ ਰੇ ॥
ਹਮਰੇ ਸੰਗੀ ਪੰਚ ਬੀਰ ਹੈਂ, ਬਚਨ ਗੁਰੂ ਕਾ ਲੈ ਜਾਵਹੁ ਰੇ ॥੧॥ ਰਹਾਉ ॥
ਸੰਤ ਹਮਾਰੇ ਭਾਈ ਬੀਰ ਹੈ, ਰੋਮ ਰੋਮ ਸਮਾਵਹੁ ਰੇ ॥
ਭੀਰ ਪਰੀ ਸੰਤ ਸੰਗ ਹੋਇਆ, ਆਪਨਾ ਰੂਪ ਦਿਖਾਵਹੁ ਰੇ ॥੧॥
ਸੰਤ ਕਾਜ ਜਗਤ ਹਉ ਆਯੋ, ਨਾਵਾਂ ਰੂਪ ਦਿਖਾਵਹੁ ਰੇ ॥
ਸੰਗ ਹਮਾਰੇ ਸੰਤ ਮੰਡਲੀ, ਇਹ ਸੀਸ ਗੁਰੂ ਕੈ ਲੈ ਜਾਵਹੁ ਰੇ ॥੨॥
ਏਕ ਸੀਸ ਕਾ ਬਦਲਾ ਮਾਗਉ, ਸੀਸ ਚਾਰੋ ਬਹੁੜਿ ਮਗਾਵਹੁ ਰੇ ॥੩॥
ਸੰਤ ਹਮਾਰੇ ਪੁਤ੍ਰ ਮਿਤ੍ਰ ਹੈ, ਸੀਲ ਸੰਤੋਖ ਕਮਾਵਹੁ ਰੇ ॥
ਜਤ ਸਤ ਸੰਜਮ ਬਚਨ ਹਮਾਰੇ, ਰਹਿਤ ਬਚਨ ਕਮਾਵਹੁ ਰੇ ॥੪॥
ਅਉਰ ਕੇਤੇ ਦੇਖਹੁ, ਬਿਨਾ ਕੇਸ ਕੇ,
ਹਮਰੀ ਸੈਨ ਸਬਲ ਤੇਜ ਹੈ, ਸਰਬ ਗੁਰੂ ਸਮਾਇਓ ਰੇ ॥
ਸਭ ਸਾਕ ਸੈਨ ਤੋਰ ਜਗਤ ਕੇ, ਇਹੁ ਸੀਸ ਗੁਰੂ ਪੈ ਲੈ ਜਾਵਹੁ ਰੇ ॥੫॥
ਆਗਿਆ ਕੀਨੀ ਅਬਿਨਾਸਿ ਪੁਰਖ ਨੈ, ਹੁਕਮ ਕੇਸ ਲੈ ਆਇਓ ਰੇ ॥
ਪ੍ਰਗਟ ਹੋਨ ਕੇ ਦਿਨ ਸੁ ਦੂਰ ਥੇ, ਤੁਰਕ ਅਨੀਤ ਚੜ੍ਹਾਇਓ ਰੇ ॥੬॥
ਜੱਹ ਜੱਹ ਦੇਖਉ, ਤੱਹ ਤੱਹ ਸੰਘਾਰਉ, ਬਚਨ ਪਾਇ ਮਜ਼ੁਬ ਚਲਾਇਓ ਰੇ ॥੭॥
ਖਬਰਦਾਰ ਹੁਇ ਆਇਓ ਕੇਸਾ ਧਾਰੀ, ਖੜਗ ਰੂਪ ਝਮਕਾਇਓ ਰੇ ॥
ਹਮਰੋ ਨਾਮੁ ਗੁਰੂ ਕੇਸਾ ਧਾਰੀ, ਹਮ ਅਪਨੀ ਸੈਨ ਬੁਲਾਇਓ ਰੇ ॥੮॥
ਆਇਓ ਵਕਤ ਸਿਤਾਬ ਸੈਨ ਕਾ, ਸੰਤਨ ਕਮਰ ਬੰਧਾਵਹੁ ਰੇ ॥
ਧੁਰ ਹੁਕਮ ਹੋਆ ਅਕਾਲ ਪੁਰਖ ਕਾ, ਤੁਰਕਨ ਜੜ ਖਪਾਵਹੁ ਰੇ ॥੯॥
ਨਾਨਕ ਗੋਬਿੰਦ ਏਕ ਕਰਿ ਦੇਖਹੁ, ਹਮ ਤੀਜਾ ਮਜ਼ੁਬ ਚਲਾਇਓ ਰੇ ॥
ਜਾਤ ਪਾਤ ਕਛੁ ਰਹਿਣ ਨ ਦੇਵਉ, ਕਰਿ ਏਕੰਕਾਰ ਬੁਲਾਇਓ ਰੇ ॥੧੦॥੧॥

ਨਾਮ ਸ਼ਸਤ੍ਰ ਮਾਲਾ ਮੰਤ੍ਰ ॥

ਵਾਹਗੁਰੂ ਵਾਹਗੁਰੂ, ਵਾਹਗੁਰੂ ਵਾਹਗੁਰੂ, ਨਿਰੰਕਾਰ ਕਰਤਾਰ ॥
ਸਤਿਨਾਮੁ ਵਾਹਗੁਰੂ, ਅਕਾਲ ਪੁਰਖ ਤੁਹੀ ਹੈਂ ॥
ਤੁਹੀ ਆਪੇ, ਏਕੈ ਵਾਹ ॥ ਤੂਹੀਂ ਆਪੈ, ਏਕੋ ਵਾਹੁ ॥
ਸ਼ਸਤ੍ਰ ਸਾਂਗ ਸਾਮੁਹਿ ਚਲਤ, ਸਤ੍ਰ ਮਾਨ ਕੋ ਪਾਪ ॥
ਸਗਲ ਸ੍ਰਿਸਟਿ ਜੀਤੀ ਜਿਸੈ, ਜਪੀਯਤ ਤਾਂਕੋ ਜਾਪੁ ॥
ਸਿੱਕਾ ਜੱਦਬਰ ਹਰਿ ਦੁਇ ਆਲਿਮ, ਫਜ਼ਲ ਸੱਚੇ ਸਾਹਿਸਤ ॥
ਗੋਬਿੰਦ ਸਿੰਘ ਖੁਦ ਸ਼ਾਹਿਨਸ਼ਾਹ ਤੇਗ ਨਾਨਕ ਬਾਹਿੰ ਬਸਤ ॥
ਦੇਗ ਤੇਗ ਫਤਹ, ਨੁਸਰਤ ਬੇਦ ਰੰਗ, ਯਾਫਤ ਅਜ਼,
ਨਾਨਕ ਗੁਰੂ ਗੋਬਿੰਦ ਸਿੰਘ, ਅਕਾਲ ਪੁਰਖ ਜੀ ਸਹਾਇ ॥
੧ ਓਅੰਕਾਰ ਸਤਿ ਸ੍ਰੀ ਅਕਾਲ,
ਗੁਰਬਰ ਏਕੰਕਾਰ ਅਕਾਲ ਕਤੀਯਾ ਮਾਨੀ ਹਿੰਦਵੀ,
ਸਭ ਸ਼ਸਤ੍ਰਨ ਕੇ ਨਾਥ ॥ ਲਏ ਭਗਉਤੀ ਨਿਕਸ ਹੈ, ਆਪ ਕਲੰਕੀ ਹਾਥ ॥
ਸ੍ਰੀ ਸਿਰੋਹੀ ਸੇਰ ਸਮ, ਜਾ ਸਮ ਅਵਰ ਨ ਕੋਇ ॥
ਤੇਗ ਜਾਪ ਤੁਮਹੂੰ ਜਪੋ, ਭਲੋ ਤੁਹਾਰੋ ਹੋਇ ॥
ਚਿਤ ਚਾਤਰ ਕੋ ਬਸਿ ਕਰੋ, ਬਿਲਪ ਰਟੋ ਹਰਿ ਨਾਮ ॥
ਅੰਮ੍ਰਿਤਸਰ ਹੈ ਸ਼ਬਦ ਕਾ, ਪੀਵ ਕਰੋ ਬਿਸ੍ਰਾਮ ॥
ਹੁਲੱਬੀ ਜੁਨੱਬੀ, ਸਰੋਹੀ ਦੁਧਾਰੀ ॥ ਬਹੀ ਕੋਪ ਕਾਤੀ, ਕ੍ਰਿਪਾਣੰ ਕਟਾਰੀ ॥
ਕਹੂੰ ਸੇਹਥੀਯੰ, ਕਹੂੰ ਸੁਧ ਸੇਲੰ ॥ ਕਹੂੰ ਸੇਲ ਸਾਂਗੰ, ਭਈ ਰੇਲ ਪੇਲੰ ॥
ਗਹੀ ਸਮਸੇਰ, ਕੀਯੋ ਜੰਗ ਜੇਰ ॥ ਦਯੋ ਮਤਿ ਫੇਰ, ਨ ਲਾਗੀਏ ਦੇਰ ॥
ਦਯੋ ਨਿਜ ਮੰਤ੍ਰ, ਤਜੇ ਸਭ ਤੰਤ੍ਰ ॥ ਲਿਖੇ ਨਿਜ ਜੰਤ੍ਰ ਸੁ ਬੈਠ ਇਕੰਤ੍ਰ ॥
ਗ੍ਰੀਵ ਗ੍ਰਿਸਤਨ ਜਲ ਧਰਾ, ਜਲਧ ਰਾਜ ਹਥਿਆਰ ॥
ਪਰੋ ਦੁਸ਼ਟ ਕੇ ਕੰਠ ਮੈਂ, ਮੋਕੋ ਲੇਹੁ ਉਬਾਰ ॥
ਹਲੱਬੀ ਜੁਨੱਬੀ, ਮਗਰਬੀ, ਮਿਸਰੀ ਊਨਾ ਨਾਮ ॥
ਸੈਫ ਸਰੋਹੀ ਸਸਤ੍ਰ ਪਤਿ, ਜਿਤਯੋ ਰੂਮਿ ਅਰ ਸਾਮ ॥
ਬਲੀ ਈਸ, ਦਸ ਸੀਸ ਕੇ, ਜਾਹਿ ਕਹਾਵਤ ਬੰਧ ॥

ਏਕ ਬਾਨ ਰਘੁਨਾਥ ਕੇ, ਕੀਓ ਕਬੰਧ ਕਬੰਧ ਮਹਾਂਬੀਰ ਗੱਜੇ ॥
ਸੁਨੇ ਸੇਘ ਲੱਜੇ ॥ ਝੰਡਾ ਗਡ ਗਾਢੇ ॥ ਮੰਡੇ ਰੋਸ ਬਾਢੇ ॥
ਕ੍ਰਿਪਾਣੰ ਕਟਾਰੰ ॥ ਭਿਰੇ ਰੋਸ ਭਾਰੰ ॥ ਮਹਾਂਬੀਰ ਬੰਕੰ ॥ ਭਿਰੇ ਭੂਮਿ ਹੰਕੰ ॥
ਮਚੇ ਸੂਰ ਸ਼ਸ਼ਤ੍ਰੰ ॥ ਉਠੀ ਝਾਰ ਅਸਤ੍ਰੰ ॥ ਕ੍ਰਿਪਾਣੰ ਕਟਾਰੰ ॥ ਪਰੀ ਲੋਹ ਮਾਰੰ ॥
ਜਦੁਪਤਾਰਿ ਬਿਸਨਾਦਿ ਪਤਿ, ਕ੍ਰਿਸ਼ਨਾਦਿਕ ਜਹ ਨਾਮ ॥
ਸਦਾ ਹਮਾਰੀ ਜੈ ਕਰੋ, ਸਦਾ ਕਰੋ ਮਮ ਕਾਮ ॥
ਰੈਣ ਅੰਧ ਪਤਿ, ਮਹਾਂ ਨਿਸਿ, ਨਿਸਿ ਈਸਰ ਨਿਸਿ ਰਾਜ ॥
ਚੰਦ੍ਰ ਬਾਨ ਚੰਦ੍ਰਹਿ ਧਰਿਓ, ਚਿਤ੍ਰਨ ਕੇ ਬਧਿ ਕਾਜ ॥
ਸਾਂਗ ਸਮਰ ਕਰ ਸੈਹੱਥੀ, ਸ਼ਸਤ੍ਰ ਸ਼ਸਨ ਕੇ ਭੇਸ ॥
ਸਬਲ ਸੁਭੱਟ ਹਥਿਯਾਰ, ਲੈ ਜੀਤੇ ਸਮਰ ਸੁਰੇਸ ॥
ਜਮਧਜ ਜਮਦਾੜ੍ਹਾ ਜਬਰ, ਜੋਧਾਂਤਕ ਜਿਹ ਨਾਇ ॥
ਲੂਟ ਕੂਟ ਲੀਜਤ ਤਿਨੈ, ਜੇ ਬਿਨ ਬਾਂਧੇ ਜਾਇ ॥
ਭੂਤਾਂਤਿਕ ਸ੍ਰੀ ਭਗਉਤੀ, ਭਵਹਾ ਨਾਮ ਬਖਾਨ ॥
ਸ੍ਰੀ ਭਵਾਨੀ ਭੈ ਹਰਣ, ਸਭ ਕੀ ਕਰੋ ਕਲਯਾਨ ॥
ਬਿਸਿਖ ਬਾਨ ਧਨੁ ਖਾਗ੍ਰ ਭਨ, ਸਰ ਕੈਬਰ ਜਿਹ ਨਾਮ ॥
ਤੀਰ ਤਖੰਗ ਤਤਾਰਚੋ, ਸਦਾ ਕਰੋ ਮਮ ਕਾਮ ॥
ਸ੍ਰੀ ਸ਼ਸਤ੍ਰ ਅਰਿਆਰ ਅਸ, ਖੰਡੋ ਖੜਗ ਕ੍ਰਿਪਾਣ ॥
ਸਤ੍ਰ ਸੁਰੇਸ੍ਰ ਤੁਮ ਕੀਓ, ਭਗਤ ਆਪਨੋ ਜਾਨ ॥
ਕਬਿਤ ॥ ਕੇਤੇ ਹੀ ਬ੍ਰਹਮੰਡ ਭਏ, ਕੇਤੇ ਬ੍ਰਹਮਾਂ ਬੀਤ ਗਏ,
ਸ੍ਵੈਭੂਮਨ ਇੰਦ੍ਰ ਠਏ, ਸੂਰ ਚੰਦ ਗਏ ਹੈਂ ॥
ਗਿਰ ਹੈ ਸੁਮੇਰ ਕੇਤੇ, ਸੂਕੇ ਭਏ ਸਿੰਧੁ ਜੇਤੇ,
ਹਿਰਣਕਸ਼ਪ ਗਵਣਾਦਿ ਕੇਤੇ, ਠਏ ਹੈਂ ॥
ਸਾਤੋ ਹੀ ਸਮੁੰਦ ਜਾਕੇ, ਰਥਨ ਕੀ ਗੈਲ ਭਏ,
ਆਪ ਹੀ ਬਨਾਏ ਜਗ, ਕੀਯੋ ਜਿਨੋਂ ਨਏ ਹੈਂ ॥
ਕੌਨ ਬਿਵਸਥਾ ਸ੍ਰੀਰ ਇਸ ਖਿਨ ਭੰਗਰ ਕੀ,
ਸਮਝ ਹਰਿ ਗੁਰਦਿਆਲ, ਕੂੜ ਮੋਹ ਹਏ ਹੈਂ ॥ ਇਤਿ ॥
ਦੋਹਰਾ ॥ ਹਮ ਅਗਯਾਨ ਅਲਪ ਮਤਿ ਥੋਰੀ ਮੂਰਖ ਨੀਚ ਅਜਾਨ ॥

ਮਿਲੇ ਅਸੰਤ ਮਸ਼ਟ ਕਰ ਰਹੀਏ ਸਾਚੋ ਦ੍ਰਿੜ ਕਰ ਮਾਨ ॥

ਸ੍ਰੀ ਕਾਲ ॥ ਚੌਪਈ ॥

ਰਾਮਚੰਦ ਇਹ ਜਿਨੈ ਬਖਾਨੈ ॥ ਸਿਵ ਬ੍ਰਹਮਾ ਇਹ ਜਾਹਿੰ ਪ੍ਰਮਾਨੈ ॥
ਤੇ ਸਭ ਹੀ, ਸ੍ਰੀ ਕਾਲ ਸੰਘਾਰੇ ॥ ਕਾਲ ਪਾਇ ਕਰ, ਬਹੁਰ ਸਵਾਰੇ ॥
ਕੇਤੇ ਰਾਮਚੰਦ, ਅਰ ਕ੍ਰਿਸ਼ਨਾ ॥ ਕੇਤੇ ਚਤੁਰਾਨਨ, ਸਿਵ ਬਿਸਨਾ ॥
ਚੰਦ ਸੂਰ, ਇਹ ਕਵਨ ਬਿਚਾਰੇ ॥ ਪਾਣੀ ਭਰਤ, ਕਾਲ ਕੇ ਦ੍ਵਾਰੇ ॥
ਕਾਲ ਪਾਇ, ਸਭ ਹੀ ਇਹ ਭਏ ॥ ਕਾਲ ਪਾਇ, ਕਾਲੋ ਹ੍ਵੈ ਗਏ ॥
ਕਾਲਹਿ ਪਾਇ, ਬਹੁਰ ਅਵਤਰ ਹੈਂ ॥ ਕਾਲਹਿ, ਕਾਲ ਪਾਇ, ਸੰਘਰ ਹੈਂ ॥
ਜੋ ਤੁਮ ਪਰਮ ਪੁਰਖ ਠਹਿਰਾਏ ॥ ਤੇ ਸਭ, ਡੰਡ ਕਾਲ ਕੇ ਘਾਏ ॥
ਕਾਲ ਡੰਡ ਬਿਨ, ਬਚਾ ਨ ਕੋਊ ॥ ਸਿਵ ਬਿਰੰਚ, ਬਿਸਨਿੰਦ੍ਰ ਜੋਊ ॥
ਜੈਸ ਜੂਨਿ, ਇਕ ਦੈਂਤ ਬਖਨਿਯਤ ॥ ਤੈਸ ਜੂਨਿ, ਇਕ ਦੇਵਤਾ ਜਨਿਅਤ ॥
ਜੈਸੇ ਹਿੰਦੂਆ ਨੋ ਤੁਰਕਾਨਾ ॥ ਸਬਹਿਨ ਸੀਸ ਕਾਲ ਜਰਵਾਨਾ ॥
ਕਬਹੂੰ ਦੈਂਤ ਦੇਵਤਨ ਮਾਰੈਂ ॥ ਕਬਹੂੰ ਦੈਂਤਨ, ਦੇਵ ਸੰਘਾਰੈਂ ॥
ਦੇਵ ਦੈਂਤ, ਜਿਨ ਦੋਊ ਸੰਘਾਰੇ ॥ ਵਹੀ ਪੁਰਖ, ਪ੍ਰਤਿਪਾਲ ਹਮਾਰੇ ॥

ਰਾਗੁ ਸੋਰਠਿ ਪਾਤਿਸ਼ਾਹੀ ੧੦ ॥

ਅਬ ਕੈ ਤੋ ਰਾਜਪੂਤ ਕਹਾਊਂ ॥
ਪਾਂਚ ਮਵਾਸ ਘਰ ਕੇ ਸਾਧੋਂ, ਅਪਨੇ ਰਾਹ ਚਲਾਊਂ ॥੧॥ਰਹਾਉ ॥
ਕਾਮ ਕ੍ਰੋਧ ਕਰਮ ਕਟਾਰਾ ਬਾਧੋਂ, ਤੱਤ ਤ੍ਰਵਾਰ ਬੰਧਾਊਂ ॥
ਸਹਜ ਸੁਰਤ ਕਾ ਤਰਸਾ ਬਾਧੋਂ, ਨਿਰਤ ਕਮਾਨ ਚੜਾਊਂ ॥੧॥
ਘੋੜਾ ਗਿਆਨ, ਸੰਤੋਖ ਲਗਾਮੀ, ਸਤ ਕੀ ਜੀਨ ਕਸਾਊਂ ॥
ਗਗਨ ਮੰਡਲ ਕਉ, ਕਰਉਂ ਪਇਆਨਾ, ਭੈ ਕੋ ਚਾਬਕ ਲਾਊਂ ॥੨॥
ਗੁਰ ਕਾ ਸਬਦ, ਸੰਜੋਆ ਪਹਿਰਉ, ਸੋਹੰ ਟੋਪ ਬਨਾਊਂ ॥
ਉਡਤੀ ਕਾਗਨ, ਸਿਰ ਪਰ ਮਾਰੋਂ, ਸਬ ਭੈ ਦੂੰਦ ਮਿਟਾਊਂ ॥੩॥
ਪਹਿਲੀ ਚੋਟ ਬਿਲਈਆ ਮਾਰਉਂ ਸਸਾ ਬਾਨ ਘਰ ਘਾਊਂ ॥
ਯਹ ਮਨ ਮਿਰਗ ਕਾਲ ਹਰਿ ਕਾਲਾ, ਜੀਵਤ ਫਾਧ ਕਰਿ ਲਿਆਊਂ ॥੪॥
ਅਲੱਖ ਪੁਰਖ ਕੀ ਕਰਉਂ ਚਾਕਰੀ, ਚਿਹਰਾ ਜਾਇ ਲਿਖਾਊਂ ॥
ਘੋੜੇ ਦਾਸ ਗੋਬਿੰਦ ਸਿੰਘ ਕੇ, ਭਗਤਿ ਦਾਦਨੀ ਪਾਊਂ ॥੫॥੨॥

੧ੳ ਵਾਰ ਭਗਉਤੀ ॥

ਸ੍ਰੀ ਮੁਖਵਾਕ ਪਾਤਸ਼ਾਹੀ ੧੦ ॥ ਸ੍ਵੈਯਾ ॥

ਭਗਤ ਭਗੌਤੀ ਸਾਜਿਕੈ, ਪ੍ਰਭ ਜਗ ਅਰੰਭ ਰਚਾਇ ਹੈ ॥
ਰਣ ਰੂਤ ਬਿਭੂਤ ਚੜ੍ਹਾਇ ਕੈ, ਡਫ ਡਉਰੂ ਡੰਕ ਬਜਾਇ ਹੈ ॥
ਕਲਿ ਨਾਰਦ ਹੜ ਹੜ ਹੱਸਿਆ, ਰਣ ਸਾਵਤ ਜੁਧ ਮਚਾਇ ਹੈ ॥
ਦੁਲ ਦੁਲ ਖਿੰਗ ਬਿਗਸਿਆ, ਰਣ ਰੋਹਰ ਕੋਹਰ ਬਰਖਾਇ ਹੈ ॥੧॥
ਘਰੁ ਸੁੱਤਾ ਸਿੰਘ ਜਗਾਇਆ, ਖੜ ਧਰਤੀ ਹਾਕ ਚਲਾਇ ਹੈ ॥
ਮਾਨੁਖ ਪਕੜਿ ਭਕੋਲਿਆ, ਕਰ ਜਗੁ ਘੁਮੰਡ ਮਚਾਇ ਹੈ ॥
ਭਗਤ ਭਗਉਤੀ ਦੁਰਜਨਾ, ਫਟ ਠੁੰਠਰ ਮੰਝ ਕਢਾਇ ਹੈ ॥
ਹਥ ਖੱਪਰ ਫਟਕਣ ਡੰਮਚੁਰੂ, ਕਢ ਕੰਗਲ ਖੋਲ ਬੁਲਾਇ ਹੈ ॥੨॥
ਉਥੱਲ ਪੁਥੱਲ ਘਪਨ ਘੋਰ, ਭਕਰੂ ਲਹੂ ਧੁੰਧ ਮਚਾਇ ਹੈ ॥
ਲੁੱਥ ਪਲੱਥ ਧਰਤੀ ਨਾਲ, ਧੜ ਪਿੰਜਰੁ ਕੁੰਤ ਕਖਾਇ ਹੈ ॥
ਲਪਟ ਝਪਟ ਲੈ ਤੇਗ ਨਾਲ, ਰਣਸੂਰਾ ਘਾਣ ਘਤਾਇ ਹੈ ॥
ਖਚੁਕ ਖਪਨ ਜਹਾਂ ਜਮ ਧੜੇ, ਰਣ ਰੱਥੁ ਪਲੱਥ ਖਪਾਇ ਹੈ ॥੩॥
ਰਕਤ ਪਲੇਟੀ ਜੋਗਨੀ, ਹੁਣ ਦੁਰਜਨ ਖੇਤ ਖਪਾਇ ਹੈ ॥
ਰੁੰਡ ਮੁੰਡ ਘਮਸਾਣ ਖੇਤ, ਰਣ ਜੰਬੂ ਗਿਰਝ ਅਘਾਇ ਹੈ ॥
ਧਮਕ ਧਮਾਕੇ ਜਬਰ ਜੰਗ ਗਰਜੇ ਗੜ ਕੋਟਿਕ ਕੋਟ ਢਹਾਇ ਹੈ ॥
ਕੜ ਧੜ ਦੇ ਪੜਛੀਅਨਿ ਭਿੜੇ, ਸੈਲ ਹੀ ਸੈਲ ਭਿੜਾਇ ਹੈ ॥੪॥
ਗਗਨ ਕੜੱਕੀ ਬਿੱਜਲੀ, ਪਰਲਉ ਪਰਲੋਕ ਖਪਾਇ ਹੈ ॥
ਉਤ ਲੋਕ ਧੁਮੰਡ ਮਚਾਇਅਨਿ, ਬਹੁ ਮੁੰਡ ਕੁਮੁੰਡ ਭਿੜਾਇ ਹੈ ॥
ਥਰਹਰਿ ਕੰਪੈ ਧਰਮ ਰਾਇ, ਰਣ ਸੂਰਾ ਘਾਣ ਘਤਾਇ ਹੈ ॥
ਸੱਜੇ ਬੋਹਿਥ ਧੱਕਿਆ, ਕਰ ਖੱਬੇ ਖੜਗ ਮਚਾਇ ਹੈ ॥੫॥
ਨਿਬੇੜਾ ਹਿੰਦੂ ਤੁਰਕ ਦਾ, ਰਣ ਘਤਿ ਘੜਗ ਚੁਕਾਇ ਹੈ ॥
ਜਗਿ ਅਰੰਭਿ ਤਿਹੁ ਜੁਗ, ਹੁਣ ਮਾਸ ਮਾਨੁਖ ਪਤਾਇ ਹੈ ॥
ਰਕਤ ਖਪਰ ਭਰ ਜੋਗਣੀ, ਮਸਤ ਮੰਗਲ ਗੁਣ ਗਾਇ ਹੈ ॥

ਕੇਸ ਬਿਨਾ ਸਿਰ ਕਟੀਐ, ਚਿੰਘਾੜੇ ਕਵਣ ਛੋਡਾਇ ਹੈ ॥
ਹੁਕਮ ਮੰਨੇ ਪ੍ਰਭ ਬਖਸ ਲਏ, ਨਿਗੁਰਾ ਨੋਂ ਇਹ ਸਜਾਇ ਹੈ ॥
ਫਤਹ ਜੰਗ ਗੋਬਿੰਦ ਸਿੰਘ, ਦਲ ਕੋਟਿਕ ਕੋਟ ਖਪਾਇ ਹੈ ॥੬॥
ਦੋਹਰਾ ॥ ਆਸਾ ਨਾ ਕਰ ਬ੍ਰਹਮਣਾਂ ਨਾ ਪਰਸੇ ਪਗ ਜਾਇ ॥
ਮਮ ਤਿਆਗ ਦੂਜੈ ਲਗੈ, ਕੁੰਭ ਨਰਕ ਮਹਿ ਪਾਇ ॥੭॥੧॥

ਸਿਖੀ ਰਹਿਤ

ੴ ਵਾਹਿਗੁਰੂ ਜੀ ਕੀ ਫਤਹ ॥ ਸ੍ਰੀ ਮੁਖਵਾਕ ਪਾਤਿਸ਼ਾਹੀ ੧੦ ॥
ਨਿਸ਼ਾਨੇ ਸਿਖੀ ਈਂ ਹਰੂਫ, ਪੰਜ ਕਾਫ ॥ ਹਰਗਿਜ਼ ਨ ਬਾਸ਼ਦ, ਈਂ ਪੰਜ ਮੁਆਫ ॥੧॥
ਕੜਾ ਕਾਰਦੋ ਕੱਛ, ਕੰਘਾ ਬਿਦਾਂ ॥ ਬਿਲਾ ਕੇਸ ਹੇਚ ਅਸਤ, ਜੁਮਲਹ ਨਿਸ਼ਾਂ ॥੨॥
ਹਰਫ ਹਕਾਇਤ ਅਸਤ ਈਂ ਪੰਜ ਕਾਫ ॥ ਬਿਦਾ ਨੰਦ ਬਾਵਰ, ਨ ਗੋਯਮ ਖਿਲਾਫ ॥੩॥
ਹੁੱਕਾ ਹਜਾਮਤ, ਹਲਾਲੋ ਹਰਾਮ ॥ ਬਾਚੀਸ਼ੇ ਹਿਨਾਂ ਕਰਦ ਰੂ, ਸਯਾਹ ਫਾਮ ॥੪

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ਹੈਂ ॥
ਸ੍ਰੀ ਭਗਉਤੀ ਜੀ ਸਹਾਇ ॥

ਅਥ ਭਗਉਤੀ ਬ੍ਰਹਮ ਕਵਚ ਲਿਖਯਤੇ ਪਾਤਸ਼ਾਹੀ ਦਸਵੀਂ ੧੦॥

ਖੜਗ ਖੰਡਾ, ਅਸੀ ਅਰਗਰ, ਧਰਮ ਰਛ, ਤੱਗ ਛੱਤ੍ਰੀ ॥
ਬਿਸ੍ਵ ਪਾਲ, ਭੂਪਾਲ ਪੱਛ ਪਲ ਪੱਛ, ਰਣ ਕੱਛ ਅਤ੍ਰੀ ॥
ਰਾਜ ਮੰਡਾ, ਅਤਿ ਪ੍ਰਚੰਡਾ, ਇਸ੍ਵਰੀ ਕਰਵਾਰ ਹੈਂ ॥
ਸ਼ਕਤ, ਬ੍ਰਹਮਨੀ, ਬਿਸ਼ਨਵੀ, ਭਵਾਨੀ, ਤੂੰ ਤਰਵਾਰ ਹੈਂ ॥
ਨਿਤ ਜਿਯੋਤੀ, ਮੁਕਤਿ ਦਾਇਕ, ਧਾਰਾਧਰ, ਕ੍ਰਿਪਾਨ ਹੈਂ ॥
ਚੰਡਕਾ, ਮ੍ਰਿਤ ਜਗਤ ਜਨਨੀ, ਕਾਲਕਾ ਗੁਨ ਖਾਂਨ ਹੈਂ ॥
ਭਵਮਾਨਕਾ, ਖਲੇ ਹਾਨਕਾ, ਰੱਤ ਪਾਨਕਾਂ, ਜਗ ਮਾਨ ਹੈਂ ॥
ਇਹ ਕਵਚ ਬ੍ਰਹਮਾ ਕੋ ਬਤੀਸਾ, ਪਢੈ ਜੋ ਨਿਤ ਛੱਤ੍ਰੀ ॥
ਰਣ ਜੀਤ ਲਹਿ, ਨ੍ਰਿਭੀਤ ਰਹਿ, ਰਿਧਿ ਸਿਧਿ ਪਾਵੈ, ਅੱਤ੍ਰੀ ॥
ਲਹਿ ਬੇਦ ਭੇਦ, ਜੋ ਪਢੈ ਬਿਪ੍ਰ, ਬੈਸ਼ਯ ਧਨ ਸੁਖ ਸੰਪਤਾ ॥
ਧਨ ਧਾਮ, ਤਨ ਆਰੋਗ ਸੁੰਦਰ, ਪਾਇ ਸੁਖ ਅਕੰਪਤਾ ॥

ਭਗੌਤੀ ਸਤ੍ਰੋਤ ॥

ੴ ਵਾਹਿਗੁਰੂ ਜੀ ਕੀ ਫਤਹਿ ਹੈਂ ॥
ਸ੍ਰੀ ਭਗਉਤੀ ਜੀ ਸਹਾਇ ॥ ਪਾਤਿਸ਼ਾਹੀ ੧੦॥
ਨਮੋ ਸ੍ਰੀ ਭਗੌਤੀ ਬਢੇਲੀ ਸਰੋਹੀ ॥ ਕਰੇਂ ਏਕ ਤੇ ਦ੍ਵੈ ਸੁਭਟ ਹਾਥ ਸੋਹੀ ॥
ਨਮੋ ਲੋਹ ਕੀ ਪੁਤ੍ਰਿਕਾ ਝਲ ਝਲੰਤੀ ॥ ਨਮੋ ਜੀਭ ਜ੍ਵਾਲਾਮੁਖੀ ਜਯੋ ਬਲੰਤੀ ॥
ਮਹਾਂ ਪਾਨ ਕੀ ਬਾਨ ਗੰਗਾ ਤਰੰਗੀ ॥ ਭਿਰੇ ਸਾਮੁਹੇ ਮੋਖ ਦਾਤੀ ਅਭੰਗੀ ॥
ਨਮੋ ਤੇਗ ਤਰਵਾਰ ਸ੍ਰੀ ਖੱਗ ਖੰਡਾ ॥ ਮਹਾਂ ਰੁਦ੍ਰ ਰੂਪਾ ਬਿਰੂਪਾ ਪ੍ਰਚੰਡਾ ॥
ਮਹਾਂ ਤੇਜ ਖੰਡਾ ਦੁਖੰਡਾ ਦੁਧਾਰਾ ॥ ਸਭੇ ਸ਼ਤ੍ਰ ਬਨ ਕੋ ਮਹਾਂ ਭੀਮ ਆਰਾ ॥
ਮਹਾਂ ਕਾਲਿਕਾ ਕਾਲ ਕੋ ਕਾਲ ਹੰਤੀ ॥ ਮਹਾਂ ਅਸਤ੍ਰ ਤੂਹੀ ਤੂਹੀ ਸ਼ਤ੍ਰ ਹੰਤੀ ॥
ਮਹਾਂ ਕਾਲ ਕੀ ਲਾਟ ਵਿਕਰਾਲ ਭੀਮੰ ॥ ਬਹੀ ਤੱਛ ਮੁੱਛੰ ਕਰੇ ਸਤ੍ਰ ਕੀਮੰ ॥
ਮਹਾਂ ਤੇਜ ਕੀ ਤੇਜਤਾ ਤੇਜ ਵੰਤੀ ॥ ਪ੍ਰਜਾ ਖੰਡਨੀ ਦੰਡਨੀ ਸ਼ਤ੍ਰ ਹੰਤੀ ॥
ਮਹਾਂ ਵੀਰ ਵਿਦਯਾ ਮਹਾਂ ਭੀਮ ਰੂਪੰ ॥ ਮਹਾਂ ਭੀਰ ਮੈ ਧੀਰ ਦਾਤੀ ਸਰੂਪੰ ॥
ਤੁਹੀ ਸੈਫ ਪੱਟਾ ਮਹਾਂਕਾਟ ਕਾਤੀ ॥ ਅਨੁਗ ਆਪਣੇ ਕੋ ਅਭੈ ਦਾਨ ਦਾਤੀ ॥
ਜੋਊ ਮਯਾਨ ਤੇ ਵੀਰ ਤੋ ਕੋ ਸੜੱਕੈ ॥ ਪਰਲੈ ਕਾਲ ਕੇ ਸਿੰਧੁ ਬੱਕੈ ਕੜੱਕੈ ॥
ਧਸੈ ਖੇਤ ਮੇਂ ਹਾਥ ਲੈ ਤੋਹਿ ਸੂਰੇ ॥ ਭਿਰੇ ਸਾਮੁਹੇ ਸਿੱਧ ਸਾਵੰਤ ਪੂਰੇ ॥
ਸਮਰ ਸਾਮੁਹੇ ਸੀਸ ਤੋ ਪੈ ਚੜ੍ਹਾਵੈ ॥ ਮਹਾਂ ਭੂਪ ਹ੍ਵੈ ਔਤਰੈ ਰਾਜ ਪਾਵੈ ॥
ਮਹਾਂ ਭਾਵ ਸੋਂ ਜੋ ਕਰੈ ਤੋਰ ਪੂਜੰ ॥ ਸਮਰ ਜੀਤ ਕੈ ਸੂਰ ਹ੍ਵੈ ਹੈ ਅਦੂਜੰ ॥
ਤੁਮੈ ਪੂਜਹੈਂ ਬੀਰ ਬਾਨੈਤ ਛਤ੍ਰੀ ॥ ਮਹਾਂ ਖੜਗਧਾਰੀ ਮਹਾਂ ਤੇਜ ਅਤ੍ਰੀ ॥
ਪੜ੍ਹੈ ਪ੍ਰੀਤਿ ਸੋ ਪ੍ਰਾਤ ਅਸਤ੍ਰੋਤ ਯਾ ਕੋ ॥ ਕਰੈ ਰੁਦ੍ਰ ਕਾਲੀ ਨਮਸਕਾਰ ਤਾ ਕੋ ॥
ਰੁਧਰ ਮੱਜਨੀ ਬਿੰਜਨੀ ਹੈ ਸਗੌਤੀ ॥ ਸਦਾ ਜੈ ਸਦਾ ਜੈ ਸਦਾ ਜੈ ਭਗੌਤੀ ॥
ਸਦਾ ਦਾਹਨੇ ਦਾਸ ਕੇ ਦਾਨ ਦੀਜੈ ॥ ਗੁਰੂ ਸ਼ਾਹ ਗੋਬਿੰਦ ਕੀ ਰੱਖ ਕੀਜੈ ॥

ੴ ਸਤਿਗੁਰ ਪ੍ਰਸਾਦਿ ॥

ਫਤਿਹ ਨਾਮਾ ॥ ਪਾਤਿਸ਼ਾਹੀ ਦਸਵੀਂ ੧੦ ॥

ਬਨਾਮੇ ਖ਼ੁਦਾਵੰਦੇ ਤੇਗੋ ਤਬਰ ॥ ਖ਼ੁਦਾਵੰਦੇ ਤੀਰੋ ਸਨਾਨੋ ਸਪਰ ॥੧॥
ਖ਼ੁਦਾਵੰਦੇ ਮਰਦਾਨੇ ਜੰਗ ਆਜ਼ਮਾਂ ॥ ਖ਼ੁਦਾਵੰਦੇ ਅਸਪਾਨੇ ਪਾ ਦਰ ਹਵਾ ॥੨॥
ਹਮਾਂ ਕੋ ਤੁਰਾ ਪਾਦਸ਼ਾਹੀ ਬਦਾਦ ॥ ਬਮਾ ਦੌਲਤੇ ਦੀਂ ਪਨਾਹੀ ਬਦਾਦ ॥੩॥
ਤੁਰਾ ਤਰਕਤਾਜ਼ੀ ਬ ਮਕਰੋ ਰਿਆ ॥ ਮਰਾ ਚਾਰ੍ਹਸਾਜ਼ੀ ਬ ਸਿਦਕੋ ਸਫਾ ॥੪॥
ਨ ਜ਼ੇਬਦ ਤੁਰਾ ਨਾਮੇ ਔਰੰਗਜ਼ੇਬ ॥ ਜ਼ੇ ਔਰੰਗਜ਼ੇਬਾਂ ਨ ਯਾਬਦ ਫਰੇਬ ॥੫॥
ਤੂ ਖਾਕੇ ਪਿਦਰ ਰਾ ਬ ਕਰਦਾਰੇ ਜ਼ਿਸ਼ਤ ॥ ਬ ਖ਼ੂਨੇ ਬਰਾਦਰ ਬਦਾਦੀ ਸਰਿਸ਼ਤ ॥੭॥
ਵਜ਼ਾਂ ਖਾਨਾ ਏ ਖ਼ਾਮ ਕਰਦੀ ਬਿਨਾ ॥ ਬਰਾਏ ਦਰੇ ਦੌਲਤੇ ਖ਼ਵੇਸ਼ ਰਾ ॥੮॥
ਮਨ ਅਕਨੂੰ ਬ ਅਫਜ਼ਾਲ ਪੁਰਸ਼ੇ ਅਕਾਲ ॥
ਕੁਨਮ ਜ਼ਿ ਆਬੇ ਆਹਨ ਚੁਨਾਂ ਬੁਰਸ਼ਗਾਲ ॥੯॥
ਕਿ ਹਰਗਿਜ਼ ਅਜ਼ਾਂ ਚਾਰ ਦੀਵਾਰੇ ਸ਼ੂਮ ॥ ਨਿਸ਼ਾਨੀ ਨਮਾਨਦ ਬਰੀਂ ਪਾਕ ਬੂਮ ॥੧੦॥
ਜ਼ੇ ਕੋਹੇ ਦੱਕਨ ਤਸ਼ਨਾਂ ਕਾਮ ਆਮਦੀ ॥ ਜ਼ੇ ਮੈਵਾੜ ਹਮ ਤਲਖ਼ ਜਾਮ ਆਮਦੀ ॥੧੧॥
ਬਰੀਂ ਸੂ ਚੂੰ ਅਕਨੂੰ ਨਿਗਾਹਤ ਰਵਦ ॥ ਕਿ ਆਂ ਤਲਖ਼ੀ ਓ ਤਿਸ਼ਨਗੀਅਤ ਰਵਦ ॥੧੨॥
ਚੁਨਾਂ ਆਤਿਸ਼ੇ ਜ਼ੇਰੇ ਨਾਅਲਤ ਨਿਹਮ ॥ ਜ਼ਿ ਪੰਜਾਬ ਆਬਤ ਨ ਖ਼ੁਰਦਨ ਦਿਹਮ ॥੧੩॥
ਚਿਹ ਸ਼ੁਦ ਗਰ ਸ਼ੁਗਾਲੇ ਬ ਮਕਰੋ ਰਿਯਾ ॥ ਹਮੀਂ ਕੁਸ਼ਤ ਦੋ ਬੱਚਾਏ ਸ਼ੇਰ ਰਾ॥੧੪॥
ਚੂੰ ਸ਼ੇਰੇ ਜ਼ਿਆਂ ਜ਼ਿੰਦਾ ਮਾਂਨਦ ਹਮੀ ॥ ਜ਼ਿ ਤੂ ਇੰਤਕਾਮੇ ਸਤਾਨਦ ਹਮੀ ॥੧੫॥
ਨਾਂ ਦੀਗਰ ਗਰਾਇਮ ਬਨਾਮੇਂ ਖ਼ੁਦਾਤ ॥ ਕੇ ਦੀਦਮ ਖ਼ੁਦਾਓ ਕਲਾਮੇਂ ਖ਼ੁਦਾਤ ॥੧੬॥
ਬ ਸੌਗੰਦੇ ਤੂ ਇਅਤਬਾਰੇ ਨਾਂ ਮਾਨਦ ॥ ਮਰਾ ਜੁਜ਼ ਬ ਸ਼ਮਸ਼ੀਰ ਕਾਰੇ ਨਾਂ ਮਾਨਦ ॥੧੭॥
ਤੂਈ ਗੁਰਗੇ ਬਾਰਾਂ ਕਸ਼ੀਦਾ ਅਗਰ ॥ ਨਹਮ ਨੀਜ਼ ਸ਼ੇਰੇ ਜ਼ੇ ਦਾਮੇ ਬਦਰ ॥੧੮॥
ਅਗਰ ਬਾਜ਼ ਗੁਫਤੋ ਸ਼ਨੀਦਤ ਮਾਸਤ ॥ ਨੁਮਾਇਮ ਤੁਰਾ ਜਾਦ੍ਹਾਏ ਪਾਕ ਓ ਰਾਸਤ॥੧੯॥
ਬ ਮੈਦਾਂ ਦੋ ਲਸ਼ਕਰ ਸਫ ਆਰਾ ਸ਼ਵੰਦ ॥ ਜ਼ ਦੂਰੀ ਬਹਮ ਆਸ਼ਕਾਰਾ ਸ਼ਵੰਦ ॥੨੦॥
ਮਿਆਨੇ ਦੋ ਮਾਂਨਦ ਦੋ ਫਰਸੰਗੇ ਰਾਹ ॥ ਚੂੰ ਆਰਾਸਤਾ ਗਰਦਦ ਈਂ ਰਜ਼ਮਗਾਹ ॥੨੧॥
ਅਜ਼ਾਂ ਪਸ ਦਰਾਂ ਅਰਸਾ ਏ ਕਾਰਜ਼ਾਰ ॥ ਮਨ ਆਇਮ ਬ ਨਿਜ਼ਦੇ ਤੂ ਬਾ ਦੋ ਸੁਆਰ ॥੨੨॥
ਤੂ ਅਜ਼ ਨਾਜ਼ੋ ਨਿਅਮਤ ਸਮਰ ਖੁਰਦਾਈ ॥ ਜ਼ਿ ਜੰਗੀ ਜਵਾਨਾਂ ਨਾਂ ਬਰ ਖੁਰਦਾਈ॥੨੩॥